# ਦਸਮ ਗਰੰਥ ਤੇ ਕੁਝ ਵਿਚਾਰ

ਡਾ. ਬਲਵੰਤ ਸਿੰਘ ਮਲਿਕ
B. A. L. L. B.

ਪ੍ਰਕਾਸ਼ਕ :
ਡਾ. ਬਲਵੰਤ ਸਿੰਘ ਮਲਿਕ
ਫੀਰੋਜ਼ਪੁਰ ਛਾਉਣੀ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

[illegible] ਤੋਹਫ਼ਾ
ਡਾਕਟਰ ਗਿਆਨ ਸਿੰਘ ਜੀ
[illegible]

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਦਸਮ ਗਰੰਥ ਤੇ ਕੁਝ ਵਿਚਾਰ

ਡਾ. ਬਲਵੰਤ ਸਿੰਘ ਮਲਿਕ
B. A. L. L. B.

ਪ੍ਰਕਾਸ਼ਕ :
ਡਾ. ਬਲਵੰਤ ਸਿੰਘ ਮਲਿਕ
ਫੀਰੋਜ਼ਪੁਰ ਛਾਉਣੀ

Digitized by Panjab Digital Library | www.panjabdigilib.org

ਮਿਲਣ ਦਾ ਪਤਾ :
ਡਾ. ਬਲਵੰਤ ਸਿੰਘ ਮਲਿਕ,
73 ਝੋਕ ਰੋਡ, ਫੀਰੋਜ਼ਪੁਰ ਛਾਉਣੀ

ਛਾਪਕ : ਪ੍ਰਭਜੋਤ ਪ੍ਰਿੰਟਿੰਗ ਪ੍ਰੈਸ
ਬਹਾਦਰ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ

ਮੁਲ 8) ਰੁਪੈ
ਕਨੇਡਾ U,S.A, ਦੋ ਡਾਲਰ
U,K, 75 ਪੈਂਸ

Digitized by Panjab Digital Library | www.panjabdigilib.org



ਭਾਈ ਧੰਨਾ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ੴ ਸ੍ਰੀ ਅਕਾਲ ਜੀ ਸਹਾਇ ॥

# —ਸਮਰਪਨ—

ਇਹ ਪੁਸਤਕ ਇਕ ਐਸੇ ਵਿਅਕਤੀ ਦੇ ਨਾਮ ਸਮਰਪਨ ਕਰਦਾ ਹਾਂ ਜਿਸ ਦੀ ਬਾਬਤ ਅੱਜ ਕਲ੍ਹ ਦੇ ਪੰਥ ਪਿਆਰੇ ਬਹੁਤ ਘੱਟ ਜਾਣਦੇ ਹਨ ਅਤੇ ਜੋ ਉਹਨਾਂ ਨੂੰ ਜਾਣਦੇ ਸਨ, ਉਨ੍ਹਾਂ ਵਿੱਚੋਂ ਕਈ ਤਾਂ ਇਸ ਸੰਸਾਰ ਤੋਂ ਚਲੇ ਗਏ, ਕਈ ਉਹਨਾਂ ਨੂੰ ਭੁੱਲ ਗਏ ਹੋਣਗੇ। ਬਹੁਤ ਘੱਟ ਸੱਜਣ ਹਨ, ਜਿੰਨ੍ਹਾਂ ਨੂੰ ਇਨ੍ਹਾਂ ਦੀ ਯਾਦ ਕਾਇਮ ਹੈ ਤੇ ਉਹ ਵੀ ਹੌਲੀ ਹੌਲੀ ਇਸ ਸੰਸਾਰ ਨੂੰ ਤਿਆਗ ਦੇਣਗੇ।

ਰਿਆਸਤ ਪਟਿਆਲਾ ਦੀ ਤਹਿਸੀਲ ਧੂਰੀ ਵਿਚ ਦੋ ਪਿੰਡ ਥੋੜ੍ਹੀ ਜਿਹੀ ਦੂਰੀ ਤੇ ਹਨ। ਇਨ੍ਹਾਂ ਪਿੰਡਾਂ ਦਾ ਨਾਮ ਛਾਂਗਲੀ ਤੇ ਘਨੌਲੀ ਹੈ। ਇੰਨ੍ਹਾਂ ਦਾ ਡਾਕਖ਼ਾਨਾ ਘਨੌਰ ਹੈ। ਇਨ੍ਹਾਂ ਪਿੰਡਾਂ ਨੂੰ ਆਮ ਕਰਕੇ ਛਾਂਗਲੀ-ਘਨੌਲੀ ਸੱਦਿਆ ਜਾਂਦਾ ਹੈ। ਪਿੰਡ ਛਾਂਗਲੀ ਵਿਚ ਪਿਛਲੀ ਸਦੀ ਦੇ ਅਖ਼ੀਰ ਵਿਚ ਭਾਈ ਸੁੰਦਰ ਸਿੰਘ ਰਹਿੰਦੇ ਸਨ ਜੋ 'ਚਹਿਲ' ਗੋਤ ਦੇ ਜ਼ਿਮੀਂਦਾਰ ਸਨ। ਇਹਨਾਂ ਦੇ ਘਰ ਲੜਕਾ ਪੈਦਾ ਹੋਇਆ ਜਿਸ ਦਾ ਨਾਮ ਉਨ੍ਹਾਂ ਨੇ ਲਾਲ ਸਿੰਘ ਰੱਖਿਆ। ਉਸ ਦਾ ਇਕ ਛੋਟਾ ਭਾਈ ਵੀ ਸੀ। ਉਹਨਾਂ ਦੇ ਪਿਤਾ ਤੇ ਮਾਤਾ ਦੀ 1903-04 ਵਿਚ ਪਲੇਗ ਦੀ ਬੀਮਾਰੀ ਨਾਲ ਮੌਤ ਹੋ ਗਈ।* ਉਨ੍ਹਾਂ ਦਾ ਇੱਕੋ ਚਾਚਾ ਸੀ। ਉਨ੍ਹਾਂ ਪਿੰਡਾਂ ਦੇ ਬਹੁਤ ਸਾਰੇ ਲੋਕ ਪਟਿਆਲੇ ਰਿਆਸਤ ਵਿਚ ਨੌਕਰ ਸਨ। ਇਕ ਪੂਰਨ ਗੁਰਸਿੱਖ ਨੇ ਇਹਨਾਂ ਦੋਹਾਂ ਭਰਾਵਾਂ ਨੂੰ ਪਟਿਆਲੇ ਦੇ ਯਤੀਮਖ਼ਾਨੇ ਵਿਚ ਦਾਖ਼ਲ ਕਰਵਾ ਦਿੱਤਾ।†

---

*ਇੰਨ੍ਹਾਂ ਦੇ ਬਚਪਨ ਅਤੇ ਸ਼ੁਰੂ ਦੇ ਹਾਲ ਬਹੁਤ ਸਾਰੇ ਜੋ ਕਿ ਸਰਦਾਰ ਨਾਹਰ ਸਿੰਘ ਜੀ ਐਮ. ਏ. ਦੀ ਕਿਰਪਾ ਦੁਆਰਾ ਪ੍ਰਾਪਤ ਹੋਏ। ਹੋਰ ਖੋਜ ਨਾਲ ਜੋ ਪਤਾ ਲੱਗਾ ਹੈ ਉਹ ਵਧਾ ਦਿੱਤੇ ਹਨ।

†ਇਕ ਖ਼ਬਰ ਅਨੁਸਾਰ ਮਾਤਾ ਜੀ ਪਲੇਗ ਤੋਂ ਰਾਜ਼ੀ ਹੋ ਗਏ ਤੇ ਚਾਰ ਪੰਜ ਸਾਲ ਬਾਅਦ ਗੁਜ਼ਰੇ।



Digitized by Panjab Digital Library | www.panjabdigilib.org

ਮਹਾਰਾਜਾ ਭੁਪਿੰਦਰ ਸਿੰਘ ਨੇ ਦੋ ਯਤੀਮਖਾਨੇ ਖੋਲ੍ਹੇ ਸਨ । ਇਕ ਲੜਕੀਆਂ ਲਈ ਤੇ ਇਕ ਲੜਕਿਆਂ ਲਈ । ਇਹਨਾਂ ਯਤੀਮ ਖਾਨਿਆਂ ਵਿਚ ਹਰ ਤਰ੍ਹਾਂ ਦਾ ਆਰਾਮ ਤੇ ਦੇਖ-ਭਾਲ ਉੱਚੇ ਦਰਜੇ ਦੀ ਹੁੰਦੀ ਸੀ ਅਤੇ ਇੰਤਜ਼ਾਮ ਵੀ ਚੰਗਾ ਹੁੰਦਾ ਸੀ । ਪੜ੍ਹਾਈ ਗੁਰਮੁਖੀ ਲਿੱਪੀ ਪੰਜਾਬੀ ਜ਼ਬਾਨ ਵਿਚ ਹੁੰਦੀ ਸੀ । ਯਤੀਮ ਖਾਨੇ ਦੇ ਹਰੇਕ ਬੱਚੇ ਨੂੰ ਪੂਰਨ ਗੁਰਸਿੱਖੀ ਦੀ ਮਰਯਾਦਾ ਰੱਖਣ ਦੀ ਸਿੱਖਿਆ ਦਿੱਤੀ ਜਾਂਦੀ ਸੀ ਅਤੇ ਪੰਜ ਬਾਣੀਆਂ ਦਾ ਪਾਠ ਹਰ ਹਾਲਤ ਵਿਚ ਕੰਠ ਕਰਨਾ ਪੈਂਦਾ ਸੀ। ਯਤੀਮ-ਖ਼ਾਨਿਆਂ ਦਾ ਪ੍ਰਬੰਧ ਮੋਤੀ ਬਾਗ਼ ਮਹੱਲਾਂ ਦੇ ਮਹਾਰਾਜੇ ਦੇ ਨੇੜੇ ਨੇੜੇ ਹੋਣ ਕਰਕੇ ਪ੍ਰਬੰਧਕਾਂ ਨੂੰ ਜੋ ਕਿ ਸਰਕਾਰੀ ਮੁਲਾਜ਼ਮ ਹੁੰਦੇ ਸਨ, ਪ੍ਰਬੰਧ ਬਹੁਤ ਹੀ ਵਧੀਆ ਰੱਖਣਾ ਪੈਂਦਾ ਸੀ। ਯਤੀਮ ਬੱਚਿਆਂ ਨੂੰ ਇਹ ਕਦੇ ਵੀ ਅਹਿਸਾਸ ਨਹੀਂ ਹੁੰਦਾ ਸੀ ਕਿ ਉਹ ਯਤੀਮ ਤੇ ਮਾਤਾ ਪਿਤਾ ਹੀਨ ਹਨ। ਜਦ ਬੱਚਾ ਜਵਾਨ ਹੁੰਦਾ ਸੀ ਤਦ ਉਸ ਨੂੰ ਸਰਕਾਰੀ ਨੌਕਰੀ ਮਿਲ ਜਾਂਦੀ ਸੀ । ਇਸ ਯਤੀਮਖਾਨੇ ਦੇ ਪੜ੍ਹੇ ਹੋਏ ਬਹੁਤ ਵੱਡੇ ਵੱਡੇ ਅਫ਼ਸਰ ਬਣ ਗਏ।

ਜਵਾਨ ਹੋਣ ਤੇ ਇਹਨਾਂ ਦੋਹਾਂ ਭਰਾਵਾਂ ਨੂੰ ਸਰਕਾਰੀ ਮੋਟਰਖ਼ਾਨੇ ਵਿਚ, ਜਿੱਥੇ ਮਹਾਰਾਜੇ ਦੀਆਂ ਤਕਰੀਬਨ 60 ਮੋਟਰਾਂ ਸਨ, ਮੋਟਰ ਡਰਾਇਵਰੀ ਸਿੱਖਣ ਦੇ ਲਈ ਦਾਖਲ ਕਰਵਾ ਦਿੱਤਾ ਗਿਆ। ਜਦ ਉਹ ਮੋਟਰ ਡਰਾਇਵਰੀ ਸਿੱਖ ਗਏ ਤੇ ਭਾਈ ਲਾਲ ਸਿੰਘ ਜਿਨ੍ਹਾਂ ਦਾ ਨਾਮ (ਭਾਈ ਧੰਨਾ ਸਿੰਘ) ਅਮ੍ਰਿਤ ਛਕਣ ਤੋਂ ਬਾਅਦ ਰੱਖਿਆ ਗਿਆ, ਨੂੰ ਮੋਟਰਖਾਨੇ ਵਿਚ ਹੀ ਨੌਕਰੀ ਮਿਲ ਗਈ।

ਉਸ ਦੇ ਛੋਟੇ ਭਾਈ ਨੂੰ ਪਟਿਆਲੇ ਦੇ ਇਕ ਪ੍ਰਸਿੱਧ ਸਰਦਾਰ ਗੁਰਬਖਸ਼ ਸਿੰਘ ਮਨਸਾਹੀਆ* ਬਹੁਤ ਵੱਡੇ ਲੈਂਡ ਲਾਰਡ ਨੇ ਆਪਣੀ ਮੋਟਰ ਚਲਾਵਣ ਤੇ 30/- ਮਹੀਨਾ ਰੋਟੀ ਕਪੜਾ ਤੇ ਆਪਦੇ ਪਾਸ ਨੌਕਰ ਰੱਖ ਲਿਆ । ਸਰਦਾਰ ਨੇ ਉਸ ਦਾ ਵਿਆਹ ਵੀ ਕਰ ਦਿੱਤਾ।†

---

*ਮਨਸਾਹੀਆ ਇਕ ਗੋਤ ਹੈ।

†ਉਸ ਸਮੇਂ 30/- ਰੁਪੈ ਮਹੀਨਾ ਬਹੁਤ ਕੀਮਤ ਰੱਖਦੀ ਸੀ । ਦਫਤਰਾਂ ਵਿਚ ਕਲਰਕ ਤੇ ਟਾਈਪਿਸਟ 25/-, 30/- ਤਕ ਨੌਕਰੀ ਤਨਖ਼ਾਹ ਲੈਂਦੇ ਸਨ। ਜਿਸ ਨਾਲ ਉਹ ਚੰਗਾ ਗੁਜ਼ਾਰਾ ਕਰ ਲੈਂਦੇ ਸਨ। ਚੀਜ਼ਾਂ ਸਸਤੀਆਂ ਸਨ। ਜਿਵੇਂ ਦੇਸੀ ਘੀ ਰੁਪੈ ਦਾ ਡੇਢ ਸੇਰ, ਆਟਾ ਰੁਪੈ ਦਾ 16 ਤੋਂ 20 ਸੇਰ, ਦਾਲਾਂ ਤੇ ਸਬਜ਼ੀਆਂ ਬਹੁਤ ਸਸਤੀਆਂ ਸਨ। ਮੈਂ ਫ਼ੀਰੋਜ਼ਪੁਰ ਸਬਜ਼ੀ ਮੰਡੀ ਵਿਚ ਤਿੰਨ ਪੈਸੇ ਦੇ ਪੰਜ ਘੀਆ ਕੱਦੂ ਖਰੀਦੇ ਸਨ। ਅਰਬੀ ਦੋ ਜਾਂ ਤਿੰਨ ਪੈਸੇ ਸੇਰ ਗਲੀਆਂ ਵਿਚ ਵਿਕਦੀ ਸੀ।



Digitized by Panjab Digital Library | www.panjabdigilib.org

ਨੌਕਰੀ ਦੇ ਸਮੇਂ ਭਾਈ ਧੰਨਾ ਸਿੰਘ ਜੀ ਪ੍ਰਸਿੱਧ ਮੋਟਰ ਡਰਾਈਵਰ ਭਾਈ ਜੀਵਾ ਸਿੰਘ ਜੀ ਦੇ ਨਾਲ ਡਿਊਟੀ ਤੇ ਰਹੇ । ਭਾਈ ਜੀਵਾ ਸਿੰਘ ਜੀ ਬਹੁਤ ਹੀ ਗੁਰਮੁਖ ਸਿੱਖ ਅਤੇ ਹਮੇਸ਼ਾਂ ਬਾਣੀ ਦੇ ਪੱਕੇ ਆਦੀ ਸਨ ਤੇ ਸ਼ਰਾਬ ਆਦਿ ਕੋਈ ਨਸ਼ਾ ਨਹੀਂ ਵਰਤਦੇ ਸਨ । ਭਾਈ ਜੀਵਾ ਸਿੰਘ ਜੀ ਮਹਾਰਾਜਾ ਸਾਹਿਬ ਦੇ ਸਭ ਤੋਂ ਵੱਧ ਇਤਬਾਰੀ ਡਰਾਈਵਰ ਸਨ ਅਤੇ ਬਹੁਤ ਵਧੀਆ ਮੋਟਰ ਡਰਾਈਵਰ ਸਨ । ਸ਼ਾਇਦ ਗੁਰਮੁਖ ਸਿੱਖ ਹੋਣ ਕਰਕੇ ਹੀ ਮਹਾਰਾਜਾ ਸਾਹਿਬ ਦਾ ਉਨ੍ਹਾਂ ਤੇ ਪੂਰਾ ਪੂਰਾ ਵਿਸ਼ਵਾਸ ਸੀ। ਭਾਈ ਜੀਵਾ ਸਿੰਘ ਜੀ ਦੇ ਸਿੱਖੀ ਜੀਵਨ ਦਾ ਭਾਈ ਧੰਨਾ ਸਿੰਘ ਜੀ ਤੇ ਬਹੁਤ ਅਸਰ ਪਿਆ ਤੇ ਉਹ ਵੀ ਸਿੱਖੀ ਸਿਦਕ ਦੇ ਵਿਚ ਪੂਰੇ ਗੁਰਮੁਖ ਹੋ ਗਏ। ਭਾਈ ਜੀਵਾ ਸਿੰਘ ਜੀ ਦੇ ਪਾਸ ਰਹਿਣ ਕਰਕੇ ਉਹਨਾਂ ਨੂੰ ਵੀ ਕਈ ਵਾਰ ਖਾਸ ਸਰਕਾਰ ਦੀਆਂ ਮੋਟਰਾਂ ਚਲਾਉਣ ਦਾ ਮੌਕਾ ਮਿਲ ਜਾਂਦਾ ਸੀ।

ਜੋ ਬੱਚੇ ਯਤੀਮਖਾਨੇ ਵਿਚ ਪੜ੍ਹਦੇ ਸਨ ਉਹਨਾਂ ਦੀ ਜ਼ਮੀਨ ਦਾ ਪ੍ਰਬੰਧ ਸਰਕਾਰ ਕਰਦੀ ਸੀ। ਜਦ ਭਾਈ ਸਾਹਿਬ ਅਤੇ ਉਹਨਾਂ ਦਾ ਭਰਾ ਜਵਾਨ ਹੋਏ, ਤਦ ਜ਼ਮੀਨ ਉਹਨਾਂ ਦੇ ਨਾਮ ਲੱਗ ਗਈ ਤੇ ਇਸ ਦੀ ਪਿਛਲੀ ਆਮਦਨ ਦੀ ਰਕਮ ਵੀ ਉਹਨਾਂ ਨੂੰ ਮਿਲੀ ਜੋ ਉਹਨਾਂ ਨੇ ਆਪਣੇ ਚਾਚੇ ਨੂੰ ਦੇ ਦਿੱਤੀ।

ਭਾਈ ਧੰਨਾ ਸਿੰਘ ਜੀ ਪੱਕੇ ਨਿਤਨੇਮੀ ਅਤੇ ਸਿਦਕੀ ਸਿੱਖ ਸਨ। ਸਰਕਾਰੀ ਨੌਕਰੀ ਵਿਚ ਹੁੰਦਿਆਂ ਇਕ ਵਾਰ ਜਦੋਂ ਉਹ ਸਰਕਾਰੀ ਮੋਟਰ ਨੂੰ ਕੰਢੇ ਘਾਟ ਤੋਂ ਚਾਹਿਲਾਂ ਨੂੰ ਲੈ ਜਾ ਰਹੇ ਸਨ ਤੇ ਰਾਹ ਵਿਚ ਇਕ ਐਸੀ ਘਟਨਾ ਵੇਖੀ ਜਿਸ ਕਰਕੇ ਉਨ੍ਹਾਂ ਦਾ ਦਿਲ ਦੁਨੀਆਂ ਵੱਲੋਂ ਬਿਲਕੁਲ ਉਪਰਾਮ ਹੋ ਗਿਆ। ਅਤੇ ਉਹਨਾਂ ਨੇ ਸ੍ਰੀ ਹਜ਼ੂਰ ਸਾਹਿਬ ਦੀ ਯਾਤ੍ਰਾ ਲਈ ਛੁੱਟੀ ਲੈ ਲਈ । ਹਜ਼ੂਰ ਸਾਹਿਬ ਪਹੁੰਚ ਕੇ ਉਹ ਭਾਈ ਨਿਧਾਨ ਸਿੰਘ ਜੀ ਦੇ ਲੰਗਰ ਦੀ ਸੇਵਾ ਕਰਨ ਲੱਗ ਪਏ ਅਤੇ ਮੋਟਰਖਾਨੇ ਦੀ ਨੌਕਰੀ ਤੋਂ ਅਸਤੀਫ਼ਾ ਲਿਖ ਭੇਜਿਆ । ਭਾਈ ਜੀਵਾ ਸਿੰਘ ਤੇ ਮੁਖ ਮਿਸਤਰੀ ਗੁਰਬਖਸ਼ ਸਿੰਘ ਨੇ ਉਹਨਾਂ ਦੀ ਛੁੱਟੀ ਦੀ ਮਿਆਦ ਵਧਾ ਦਿੱਤੀ, ਪਰ ਭਾਈ ਸਾਹਿਬ ਨੇ ਜਵਾਬ ਲਿਖ ਭੇਜਿਆ ਕਿ ਮੈਂ ਹੁਣ ਗੁਰੂ ਦੀ ਨੌਕਰੀ ਕਰ ਲਈ ਹੈ, ਇਸ ਲਈ ਕਿਰਪਾ ਕਰਕੇ ਅਸਤੀਫ਼ਾ ਪ੍ਰਵਾਨ ਕਰ ਲਵੋ।

ਹਜ਼ੂਰ ਸਾਹਿਬ ਦੀ ਸੇਵਾ ਕਰਕੇ ਇਹ ਚਾਉ ਉਠਿਆ ਕਿ ਗੁਰਦੁਆਰਿਆਂ ਦੀ ਯਾਤਰਾ ਕੀਤੀ ਜਾਵੇ ਅਤੇ ਇਕ ਪਟਿਆਲੇ ਦੇ ਸਾਥੀ ਨਾਲ ਬਾਈਸੈਕਲ ਤੇ ਹਜ਼ੂਰ ਸਾਹਿਬ ਤੋਂ ਪਟਨੇ ਸਾਹਿਬ ਵੱਲ ਚਾਲੇ ਪਾ ਦਿੱਤੇ । ਪਰ ਉਹਨਾਂ ਦਾ ਸਾਥੀ ਦਿਲ



Digitized by Panjab Digital Library | www.panjabdigilib.org

ਛੱਡ ਕੇ ਦਸ ਦਿਨ ਬਾਅਦ ਪਟਿਆਲੇ ਪਹੁੰਚ ਗਿਆ। ਪਰ ਭਾਈ ਸਾਹਿਬ ਜੀ ਬਿਹਾਰ, ਬੰਗਾਲ, ਢਾਕਾ, ਆਸਾਮ, ਯੂ.ਪੀ. ਆਦਿ ਦੇ ਗੁਰਦਵਾਰਿਆਂ ਦੇ ਦਰਸ਼ਨ ਕਰਕੇ ਤਿੰਨ ਸਾਲ ਬਾਅਦ ਪਟਿਆਲੇ ਪੁੱਜੇ। ਉਹਨਾਂ ਦੀ ਮੁਲਾਕਾਤ ਸਰਦਾਰ ਨਾਹਰ ਸਿੰਘ ਐਮ. ਏ. ਨਾਲ ਪਟਿਆਲੇ ਵਿਚ ਹੋਈ। ਸਰਦਾਰ ਨਾਹਰ ਸਿੰਘ ਨੇ ਕੁਝ ਲੇਖ ਵੀ ਖਾਲਸਾ ਸਮਾਚਾਰ ਵਿਚ ਛਪਵਾਏ ਅਤੇ ਉਹ ਲਿਖਦੇ ਹਨ ਕਿ ਉਹਨਾਂ ਨੇ ਭਾਈ ਸਾਹਿਬ ਦੇ ਸਫਰ ਦੇ ਹਾਲਾਤ ਅਤੇ ਗੁਰਦੁਆਰਿਆਂ ਦੇ ਹਾਲ ਸੁਣੇ ਅਤੇ ਦੰਗ ਰਹਿ ਗਏ ਅਤੇ ਉਹਨਾਂ ਨੇ ਪਟਿਆਲਾ ਦੇ ਗੁਰਦੁਆਰੇ ਵਿਚ ਵੀ ਸਾਰੇ ਹਾਲ ਦੱਸਣ ਦੀ ਕੋਸ਼ਿਸ਼ ਕੀਤੀ ਅਤੇ ਸੰਗਤਾਂ ਨੇ ਬਹੁਤ ਸ਼ਲਾਘਾ ਕੀਤੀ।

ਇਕ ਮਿੱਤਰ ਨੇ ਭਾਈ ਸਾਹਿਬ ਨੂੰ ਕਿਹਾ ਕਿ ਉਹਨਾਂ ਜੋ ਕੁਝ ਕੀਤਾ ਚੰਗਾ ਕੀਤਾ ਹੈ, ਪਰ ਇਸ ਵਿਚ ਪੰਥ ਨੂੰ ਬਹੁਤ ਫਾਇਦਾ ਨਹੀਂ ਹੋਵੇਗਾ, ਚੰਗਾ ਹੁੰਦਾ ਕਿ ਤੁਸੀਂ ਗੁਰਦੁਆਰਿਆਂ ਦੀਆਂ ਤਸਵੀਰਾਂ ਲੈਂਦੇ ਅਤੇ ਉਥੋਂ ਦਾ ਹਾਲ ਪਤਾ ਕਰਕੇ ਲਿਖਦੇ ਤਦ ਬਹੁਤ ਫ਼ਾਇਦਾ ਹੁੰਦਾ।

ਪਟਿਆਲੇ ਦਾ ਇਕ ਸੱਜਣ ਸਰਦਾਰ ਰਾਜਿੰਦਰ ਸਿੰਘ ਫਿਰੋਜ਼ਪੁਰ ਸਦਰ ਬਾਜ਼ਾਰ ਵਿਚ 'ਰਣਜੀਤ ਫੋਟੋ ਹਾਊਸ' ਦੇ ਨਾਮ ਤੇ ਕੰਮ ਕਰਦਾ ਸੀ ਤੇ ਚੰਗਾ ਫੋਟੋ ਗ੍ਰਾਫਰ ਸੀ। ਉਹ ਭਾਈ ਸਾਹਿਬ ਦਾ ਵਾਕਫ ਸੀ। ਮੈਂ ਪੱਕਾ ਨਹੀਂ ਕਹਿ ਸਕਦਾ, ਪਰ ਭਾਈ ਸਾਹਿਬ ਨੇ ਮੇਰੇ ਖਿਆਲ ਅਨੁਸਾਰ ਉਸ ਪਾਸੋਂ ਹੀ ਫੋਟੋਗ੍ਰਾਫਰੀ ਸਿੱਖੀ ਅਤੇ ਉਸ ਦੀ ਮਾਰਫਤ ਹੀ ਮੇਰੀ ਵਾਕਫੀਅਤ ਭਾਈ ਸਾਹਿਬ ਨਾਲ ਹੋਈ। ਫੋਟੋਗ੍ਰਾਫੀ ਸਿੱਖ ਕੇ ਕੈਮਰਾ ਵੀ ਲੈ ਲਿਆ ਪਰ ਸਵਾਲ ਫਿਲਮਾਂ ਦਾ ਪੈਦਾ ਹੋਇਆ। ਸ੍ਰ: ਰਾਜਿੰਦਰ ਸਿੰਘ ਤੇ ਭਾਈ ਸਾਹਿਬ ਮੇਰੇ ਪਾਸ ਆਏ। ਭਾਈ ਸਾਹਿਬ ਕਹਿਣ ਲੱਗੇ ਕਿ ਜਿਸ ਕਿਸੇ ਪਿੰਡ ਵਿਚ ਪਹੁੰਚੀਏ, ਰੋਟੀ ਤਾਂ ਰੁੱਖੀ ਸੁੱਖੀ ਮਿਲ ਹੀ ਜਾਂਦੀ ਹੈ ਅਤੇ ਜੇ ਦੋ, ਤਿੰਨ ਦਿਨ ਨਾਂ ਵੀ ਮਿਲੇ ਤਦ ਵੀ ਗੁਜ਼ਾਰਾ ਕਰ ਲਈਦਾ ਹੈ ਪਰ ਫਿਲਮਾਂ ਮਿਲਣੀਆਂ ਮੁਸ਼ਕਲ ਹਨ। ਇਹਨਾਂ ਦਾ ਕਿਸ ਤਰ੍ਹਾਂ ਇੰਤਜ਼ਾਮ ਕੀਤਾ ਜਾਵੇ। ਇਹ ਗੱਲ ਮੇਰੇ ਦਿਲ ਨੂੰ ਵੀ ਲੱਗੀ ਅਤੇ ਮੈਂ ਕਿਹਾ ਕਿ ਫਿਲਮਾਂ ਦਾ ਇੰਤਜ਼ਾਮ ਮੇਰੇ ਜ਼ਿੰਮੇ ਰਿਹਾ। ਪੁਰਾਣੀ ਅਨਾਰਕਲੀ ਵਿਚ ਇਕ ਵੱਡਾ ਦੁਕਾਨਦਾਰ ਸੀ ਜੋ ਫੋਟੋ ਦਾ ਸਾਰਾ ਸਮਾਨ ਥੋਕ ਵੇਚਦਾ ਸੀ। ਮੇਰਾ ਉਸ ਨਾਲ ਲੈਣ ਦੇਣ ਵੀ ਸੀ ਅਤੇ ਮੈਂ ਉਸ ਨੂੰ ਕਹਿ ਦਿੱਤਾ ਕਿ ਭਾਈ ਸਾਹਿਬ ਨੂੰ ਇਸ ਨੰਬਰ ਦੀਆਂ ਜਿਤਨੀਆਂ ਫ਼ਿਲਮਾਂ ਦੀ ਲੋੜ ਹੋਵੇ ਭਾਵੇਂ ਉਹ ਮੁਲਕ ਦੇ ਕਿਸੇ ਹਿੱਸੇ ਵਿਚ ਹੋਣ, ਉਨ੍ਹਾਂ ਨੂੰ ਭੇਜ ਦਿਉ ਅਤੇ ਮੇਰੇ ਨਾਮ ਲਿਖ



Digitized by Panjab Digital Library | www.panjabdigilib.org

ਦੇਵੇ। ਮੈਂ ਮਹੀਨੇ ਵਿਚ ਇਕ ਦੋ ਵਾਰ ਲਾਹੌਰ ਜਾਂਦਾ ਸੀ ਅਤੇ ਉਸ ਪਾਸੋਂ ਭਾਈ ਸਾਹਿਬ ਦੀ ਚਿੱਠੀ, ਉਸ ਦਾ ਬਿੱਲ ਤੇ ਡਾਕ ਦੀ ਰਸੀਦ ਲੈ ਕੇ ਪੈਸੇ ਚੁਕਾ ਆਉਂਦਾ ਸਾਂ।

ਭਾਈ ਸਾਹਿਬ ਦੌਰੇ ਤੇ ਚੜ੍ਹੇ ਅਤੇ ਸਾਰਾ ਸਫਰ ਬਾਈਸਿਕਲ ਤੇ ਹੀ ਕੀਤਾ ਅਤੇ ਕਈ ਨਵੇਂ ਗੁਰਦੁਆਰੇ ਵੀ ਲੱਭੇ ਅਤੇ ਉਨ੍ਹਾਂ ਦਾ ਇਤਿਹਾਸ ਵੀ ਲਿਖਿਆ ਅਤੇ ਤਸਵੀਰਾਂ ਵੀ ਲਈਆਂ ਤੇ ਗੁਰਦੁਆਰਿਆਂ ਤੇ ਧਾਰਮਿਕ ਸਥਾਨਾਂ ਦੀ ਆਮਦਨ ਅਤੇ ਖ਼ਰਚ ਦੇ ਨੋਟ ਵੀ ਲਏ। ਗੱਲ ਕੀ ਪੰਜਾਬ, ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਢਾਕਾ, ਅਸਾਮ, ਉੜੀਸਾ, ਮੱਧ ਪ੍ਰਦੇਸ, ਮਦਰਾਸ, ਮਹਾਂਰਾਸ਼ਟਰ, ਕੇਰਲਾ, ਰਾਜਸਥਾਨ ਸਿੰਧ, ਸੂਬਾ ਸਰਹੰਦ, ਅਫਗਾਨਿਸਤਾਨ ਦੇ ਚੱਕਰ ਵੀ ਉਹਨਾਂ ਬੜੀ ਦਲੇਰੀ ਨਾਲ ਲਾਏ। ਉਹਨਾਂ ਨੇ ਵੀ ਹਿਸਾਬ ਰੱਖਿਆ ਸੀ ਕਿ ਅੱਜ ਤਕ ਕਿਤਨੀਆਂ ਟਿਊਬਾਂ ਅਤੇ ਟਾਇਰ ਕਿਤਨੇ ਵਰਤੇ ਗਏ ਅਤੇ ਕਿਤਨੇ ਮੀਲ ਸਫ਼ਰ ਕੀਤਾ ਗਿਆ। ਜਦ ਉਹ ਇਕ ਪਾਸੇ ਤੋਂ ਹੋ ਕੇ ਦੂਜੇ ਪਾਸੇ ਜਾਣ ਦੀ ਤਿਆਰੀ ਕਰਦੇ ਸਨ ਤਦ ਦਾਸ ਨੂੰ ਮਿਲਣ ਵੀ ਆਉਂਦੇ ਸਨ ਅਤੇ ਇਹ ਤਜਵੀਜ ਸੋਚੀ ਸੀ ਕਿ ਇਹ ਇਤਿਹਾਸ 'ਐਲਬਮ' ਦੀ ਸ਼ਕਲ ਵਿਚ ਹੋਵੇ। ਜਨਮ ਅਸਥਾਨ ਤੋਂ ਲੈ ਕੇ ਅਤੇ ਉਹਨਾਂ ਗੁਰਦਵਾਰਿਆਂ ਦੀਆਂ ਤਸਵੀਰਾਂ ਇਕ ਪਾਸੇ ਹੋਣ ਤੇ ਉਹਨਾਂ ਦਾ ਹਾਲ ਸਾਹਮਣੇ ਇਕ ਸਫੇ ਜਾਂ ਦੋ ਸਫਿਆਂ ਤੇ ਹੋਵੇ। ਅਤੇ ਇਹ ਖਿਆਲ ਸੀ ਕਿ ਜੋ ਇਤਿਹਾਸ ਲਿਖਿਆ ਜਾਵੇ ਉਹ ਛਾਪੇ ਖਾਨੇ ਵਿਚ ਕੰਪੋਜ਼ ਕਰਕੇ ਪਰੈੱਸ ਵਿੱਚੋਂ ਚੰਗੀ ਤਰ੍ਹਾਂ ਕੱਢ ਲਿਆ ਜਾਵੇ ਅਤੇ ਤਸਵੀਰਾਂ ਤੇ ਉਸ ਇਤਿਹਾਸ ਦਾ ਵੀ ਬਲਾਕ ਲਿਆ ਜਾਵੇ। ਉਨ੍ਹਾਂ ਦਿਨਾਂ ਵਿਚ ਸਭ ਚੀਜ਼ਾਂ ਸਸਤੀਆਂ ਸਨ ਅਤੇ ਮੈਂ ਜਰਮਨੀ ਦੇ ਛਾਪੇ ਖਾਨੇ ਨਾਲ, ਜੋ ਬਲਾਕ ਵੀ ਬਣਾਉਂਦੇ ਸਨ ਤੇ ਛਾਪਦੇ ਵੀ ਸਨ, ਨਾਲ ਚਿੱਠੀ ਪੱਤਰ ਸ਼ੁਰੂ ਕਰ ਦਿੱਤਾ। ਸਾਡਾ ਖਿਆਲ ਸੀ ਕਿ ਇਹ ਤਿੰਨ ਜਿਲਦਾਂ ਵਿਚ ਪੂਰਾ ਹੋਵੇਗਾ। ਸਭ ਤੋਂ ਪਹਿਲਾਂ ਜਿਲਦ ਵਿਚ ਪਹਿਲੀ ਪਾਤਸ਼ਾਹੀ ਦੀਆਂ ਉਦਾਸੀਆਂ ਦੀਆਂ ਤੇ ਗੁਰਦਵਾਰਿਆਂ ਦੀਆਂ ਤਸਵੀਰਾਂ ਹੀ ਹੋਣਗੀਆਂ ਤੇ ਸ਼ੁਰੂ ਵਿਚ ਸਿਰਫ ਇਕ ਜਿਲਦ ਛਪਵਾਈ ਜਾਵੇ। ਬਹੁਤ ਖ਼ਰਚ ਬਲਾਕਾਂ ਦਾ ਹੋਣਾ ਸੀ। ਜਦ ਇਕ ਵਾਰ ਸਾਰੇ ਬਲਾਕ ਬਣ ਜਾਣ ਤਦ ਛਪਵਾਈ ਦਾ ਖ਼ਰਚ ਬਹੁਤ ਘੱਟ ਹੁੰਦਾ ਸੀ। ਆਖਰੀ ਵਾਰੀ ਭਾਈ ਸਾਹਿਬ ਜੀ 9 ਜਾਂ 10 ਜਨਵਰੀ 1935 ਨੂੰ ਮੇਰੇ ਪਾਸ ਪੁੱਜੇ ਅਤੇ ਉਹਨਾਂ ਦਾ ਖ਼ਿਆਲ ਸੀ ਕਿ ਗ਼ੈਰ ਇਲਾਕੇ ਵਿਚ ਜਾਵੇ ਅਤੇ ਉਥੇ ਵੀ ਕੁਝ ਗੁਰਦੁਆਰੇ ਹਨ ਜਿੰਨਾਂ ਦੀ ਫੋਟੋ ਅਤੇ ਇਤਿਹਾਸ ਇਕੱਠਾ



Digitized by Panjab Digital Library | www.panjabdigilib.org

ਕਰਕੇ ਲਿਆਉਣਗੇ ਅਤੇ ਫਿਰ ਸਾਰਾ ਸਮਾਨ ਪਟਿਆਲੇ ਤੋਂ ਫਿਰੋਜ਼ਪੁਰ ਲੈ ਆਉਣਗੇ ਅਤੇ ਸਿਲਸਲੇਵਾਰ ਤਸਵੀਰਾਂ ਅਤੇ ਇਤਿਹਾਸ ਲਿਖਿਆ ਜਾਵੇ। ਉਹਨਾਂ ਦੀ ਮਰਜ਼ੀ 12 ਜਨਵਰੀ ਨੂੰ ਚਾਲੇ ਪਾਉਣ ਦੀ ਸੀ। ਪਰ ਮੈਂ ਬੇਨਤੀ ਕੀਤੀ ਕਿ ਮੇਰਾ ਜਨਮ ਦਿਨ ਦੋ ਮਾਘ ਉਸ ਸਾਲ 14 ਜਨਵਰੀ ਨੂੰ ਹੈ ਅਤੇ ਉਸ ਦਿਨ ਇਥੇ ਰਹਿਣ, ਉਹ ਮੰਨ ਗਏ ਅਤੇ 14 ਜਨਵਰੀ ਨੂੰ ਸਵੇਰੇ ਪਾਠ ਦਾ ਭੋਗ ਪਿਆ ਅਤੇ ਦੁਪਹਿਰ ਨੂੰ ਖਾਲਸਾ ਸਕੂਲ ਦੀਆਂ ਪਹਿਲੀਆਂ ਪੰਜ ਜਮਾਤਾਂ ਦੇ ਬੱਚਿਆਂ ਨੂੰ ਬੁਲਾਇਆ ਸੀ। ਅਸੀਂ ਦੋਵਾਂ ਨੇ ਉਹਨਾਂ ਨੂੰ ਲੰਗਰ ਛਕਾਇਆ ਅਤੇ ਪਿੱਛੋਂ ਅਸੀਂ ਦੋਹਾਂ ਨੇ ਖਾਧਾ। 15 ਤਾਰੀਖ ਨੂੰ ਸਵੇਰੇ ਉਹ ਸਾਈਕਲ ਤੇ ਸਵਾਰ ਹੋ ਕੇ ਫ਼ਿਰੋਜ਼ਪੁਰ ਤੋਂ ਚਲ ਪਏ ਸਨ। ਮੈਨੂੰ ਇਕ ਚਿੱਠੀ ਉਹਨਾਂ ਦੀ ਬਨੂੰ ਤੋਂ ਆਈ ਕਿ ਉਨ੍ਹਾਂ ਦਾ ਹਰ ਇਲਾਕੇ ਵਿਚ ਜਾਣ ਦਾ ਇੰਤਜ਼ਾਮ ਹੋ ਗਿਆ ਹੈ। ਜਿਸ ਦਿਨ ਚਿੱਠੀ ਮਿਲੀ ਦੂਜੇ ਦਿਨ ਹੀ ਅਖ਼ਬਾਰ ਵਿਚ ਪੜ੍ਹਿਆ ਕਿ ਉਹ ਸ਼ਹੀਦ ਹੋ ਗਏ ਹਨ। ਪਿੰਡ ਮੀਰਅਲੀ* ਵਿਚ ਉਹ ਅੱਗੇ ਜਾਣ ਨੂੰ ਤਿਆਰ ਹੋਏ ਸਨ, ਇਸ਼ਨਾਨ ਕਰਕੇ ਦਸਤਾਰਾ ਸਜਾ ਰਹੇ ਸਨ ਕਿ ਰਾਈਫਲ ਦੀ ਗੋਲੀ ਲੱਗੀ ਤੇ ਉਥੇ ਹੀ ਢੇਰੀ ਹੋ ਗਏ। ਉਸ ਵੇਲੇ ਤਾਂ ਇਹ ਦਸਿਆ ਗਿਆ ਕਿ ਗੋਲੀ ਇਤਫਾਕਨ ਚਲ ਗਈ ਪਰ ਮਾਲੂਮ ਹੋਇਆ ਕਿ ਅੰਗਰੇਜ਼ਾਂ ਦੇ ਪੋਲਿਟੀਕਲ ਏਜੰਟ ਨੇ ਉਨ੍ਹਾਂ ਨੂੰ ਖ਼ਤਮ ਕਰਨ ਦਾ ਹੁਕਮ ਦਿੱਤਾ। ਅੰਗਰੇਜ਼ ਕਿਸੇ ਖਾਸ ਕੰਮ ਕਰਨ ਵਾਲੇ ਦਾ ਖਾਸ ਧਿਆਨ ਰਖਦੇ ਸਨ ਅਤੇ ਉਹਨਾਂ ਪਾਸ ਕੈਮਰਾ ਸੀ ਜੋ ਕਈ ਜਗ੍ਹਾ ਹੁਕਮ ਨਹੀਂ ਹੈ। ਨਾਲੇ ਪੋਲਿਟੀਕਲ ਏਜੰਟ ਨੇ ਉਹਨਾਂ ਦਾ ਸਾਈਕਲ, ਕੈਮਰਾ, ਤਸਵੀਰਾਂ ਤੇ ਹੋਰ ਸਮਾਨ, ਸਾਰਾ ਜ਼ਬਤ ਕਰ ਲਿਆ, ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਕਾਰਵਾਈ ਸਭ ਉਸ ਵੇਲੇ ਹੋਈ ਹੈ। ਉਨ੍ਹਾਂ ਦੇ ਸ਼ਹੀਦ ਹੋਣ ਸਮੇਂ ਮੇਰੇ ਅਨੁਮਾਨ ਅਨੁਸਾਰ ਉਹਨਾਂ ਦੀ ਉਮਰ 40 ਸਾਲ ਦੇ ਕਰੀਬ ਸੀ। ਤੇ ਉਹ 2-3-35 ਨੂੰ ਸ਼ਹੀਦ ਹੋਏ।

ਉਨ੍ਹਾਂ ਨੇ ਮੈਨੂੰ ਦਸਿਆ ਸੀ ਕਿ ਉਹਨਾਂ ਨੇ ਉਸ ਪਾਵਨ ਬੀੜ ਦਾ ਪਤਾ ਲਗਾ ਲਿਆ ਹੈ ਜੋ ਵੱਡੇ ਘਲੂਘਾਰੇ ਵਿਚ ਗੁੰਮ ਹੋ ਗਈ ਸੀ, ਜੋ ਅਸਲੀ ਦਮਦਮੀ ਬੀੜ ਦਸਮੀਂ ਪਾਤਸ਼ਾਹੀ ਨੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਸੀ। ਜਿਸ ਨੂੰ ਹਮੇਸ਼ਾਂ

---

*ਇਹ ਪਿੰਡ ਗ਼ੈਰ ਇਲਾਕੇ ਵਿਚ ਬਨੂੰ ਤੋਂ 15-20 ਮੀਲ ਦੂਰ ਵੀ ਹੈ, ਉਥੇ ਹਵਾਈ ਅੱਡਾ ਵੀ ਸੀ।



Digitized by Panjab Digital Library | www.panjabdigilib.org

ਲਈ ਗੁਰੂ ਦੀ ਪਦਵੀ ਦਿੱਤੀ। ਉਸ ਪਾਵਨ ਬੀੜ ਦੇ ਚਾਰ ਉਤਾਰੇ ਕਰਕੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਚੌਹਾਂ ਤਖਤੇ ਤੇ ਭੇਜੇ ਸਨ। ਮੈਨੂੰ ਉਸ ਦਾ ਪਤਾ ਭੁੱਲ ਗਿਆ। ਫਿਰ ਸੋਚਿਆ ਕਿ ਉਹ ਆਉਣਗੇ ਤਦ ਲਿਖ ਲਵਾਂਗੇ। ਮੁੜ ਉਹ ਸ਼ਹੀਦ ਹੋ ਗਏ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਭਾਈ ਕਾਹਨ ਸਿੰਘ ਨਾਭਾ ਨੂੰ ਇਕ ਵਾਰੀ ਨਾਲ ਲੈ ਗਏ ਸਨ ਅਤੇ ਉਨ੍ਹਾਂ ਨੇ ਵੀ ਤਸਦੀਕ ਕੀਤਾ ਸੀ ਕਿ ਇਹ ਉਹੀ ਪਾਵਨ ਬੀੜ ਹੈ ਜੋ ਦਮਦਮਾ ਸਾਹਿਬ ਲਿਖੀ ਗਈ ਸੀ। ਕੁਝ ਚਿਰ ਹੋਇਆ ਕਿ ਮੈਨੂੰ ਉਨ੍ਹਾਂ ਬਾਬਤ ਲਿਖਣ ਦਾ ਖਿਆਲ ਆਇਆ ਤਦ ਮੈਂ ਸਰਦਾਰ ਨਾਹਰ ਸਿੰਘ ਐਮ. ਏ. ਨੂੰ ਲਿਖਿਆ ਕਿ ਉਹ ਪਾਵਨ ਬੀੜ ਕਿੱਥੇ ਹੈ। ਉਹਨਾਂ ਨੇ ਭਾਈ ਸਾਹਿਬ ਦੇ ਕੁਝ ਲੇਖ ਖਾਲਸਾ ਸਮਾਚਾਰ ਵਿਚ 31, 32 ਵਿਚ ਲਿਖੇ ਸਨ ਤੇ ਮਿਲਦੇ ਰਹਿੰਦੇ ਸਨ । ਉਹਨਾਂ ਨੇ ਦੱਸਿਆ ਕਿ ਉਹ ਬੀੜ ਮਲੇਰਕੋਟਲੇ ਤੋਂ 6 ਮੀਲ ਦੂਰ ਪਿੰਡ ਗੁਫਾੜੇ ਦੇ ਸ਼ਹੀਦੀ ਅਸਥਾਨ ਬਾਬਾ ਸੁੱਧਾ ਸਿੰਘ ਦੀਆਂ ਸਮਾਧਾਂ ਦੇ ਮਕਾਨ ਵਿਚ ਹੈ। ਬਾਬਾ ਸੁੱਧਾ ਸਿੰਘ ਜੀ ਵੱਡੇ ਘਲੂਘਾਰੇ ਵੇਲੇ ਇਕ ਨਾਇਬ ਜਥੇਦਾਰ ਸਨ ਤੇ ਘਲੂਘਾਰੇ ਵਿਚ ਸ਼ਹੀਦ ਹੋਏ ਅਤੇ ਉਨ੍ਹਾਂ ਦਾ ਅਤੇ ਉਹਨਾਂ ਦੇ ਸਾਥੀਆਂ ਦਾ ਸਸਕਾਰ ਉਥੇ ਹੋਇਆ ਅਤੇ ਖਾਲਸਾ ਜਾਂਦੀ ਵਾਰ ਉਹ ਬੀੜ ਉਥੇ ਛੱਡ ਗਿਆ ਸੀ ਅਤੇ ਅਜੇ ਵੀ ਉਥੇ ਹੈ । ਉਹਨਾਂ ਦਸਿਆ ਕਿ ਉਹ ਇਕ ਵਾਰ ਉਹ ਆਪ ਅਤੇ ਸਰਦਾਰ ਮਾਨ ਸਿੰਘ ਜੋ ਪਟਿਆਲੇ ਦੀ ਹਾਈਕੋਰਟ ਦੇ ਜੱਜ ਸਨ। (ਅਤੇ ਉਹ ਪਹਿਲਾਂ ਗੁਰਦਵਾਰਾ ਜੁਡੀਅਸ਼ਲ ਕਮਿਸ਼ਨ ਦੇ ਚੇਅਰਮੈਨ ਵੀ ਰਹੇ ਸਨ) ਤੇ ਸਰਦਾਰ ਆਤਮਾ ਸਿੰਘ ਜੋ ਪਟਿਆਲੇ ਦੇ 'ਚੀਫ ਰੀਟਾਇਰਡ ਇੰਨਜੀਨੀਅਰ ਸਨ। ਉਸ ਬੀੜ ਦੇ ਦਰਸ਼ਨ ਕਰਨ ਗਏ ਸਨ। (23 ਮਾਰਚ 1932 ਨੂੰ) ਭਾਈ ਧੰਨਾ ਸਿੰਘ ਜੀ ਦੀਆਂ ਸਾਰੀਆਂ ਗੁਰਦੁਆਰਿਆਂ ਦੀਆਂ ਤਸਵੀਰਾਂ ਤੇ ਇਤਿਹਾਸ ਪਟਿਆਲੇ ਦੇ ਮਿਸਤਰੀ ਗੁਰਬਖਸ਼ ਸਿੰਘ* ਜੀ ਪਾਸ ਪਿਆ ਹੈ। ਪਰ ਕਿਸੇ ਨੂੰ ਦਿੰਦੇ ਨਹੀਂ। ਖਾਸ ਕਰਕੇ ਗੁਰਬਖਸ਼ ਸਿੰਘ ਦਾ ਲੜਕਾ ਸੇਵਾ ਸਿੰਘ ਉਹਨਾਂ ਨੂੰ ਕਿਸੇ ਨੂੰ ਦੇਣ ਨਹੀਂ ਦਿੰਦਾ। ਉਸ ਦਾ ਆਪਣਾ ਛਾਪਾਖਾਨਾ ਹੈ ਅਤੇ ਸ਼ਾਇਦ ਉਹ ਇਹਨਾਂ ਲਿਖਤਾਂ

---

*ਮਿਸਤਰੀ ਗੁਰਬਖਸ਼ ਸਿੰਘ ਆਪਣੇ ਲੜਕੇ ਸੇਵਾ ਸਿੰਘ ਦੇ ਪਾਸ ਮਕਾਨ ਨੰ: 1470 ਗਲੀ 3 B Tank, Patiala ਰਹਿੰਦੇ ਹੈਨ। ਸੇਵਾ ਸਿੰਘ ਦਾ ਛਾਪਾਖਾਨਾ Ess Pee Printers ਸੁਖਪੁਰਾ-ਮਹਲਾ ਸ਼ੇਰਿ-ਪੰਜਾਬ market ਸ਼ੇਰਾਂ ਵਾਲੇ ਦਰਵਾਜ਼ੇ ਦੇ ਅੰਦਰ ਹੈ।



Digitized by Panjab Digital Library | www.panjabdigilib.org

ਅਤੇ ਤਸਵੀਰਾਂ ਤੋਂ ਫਾਇਦਾ ਉਠਾਉਣਾ ਚਾਹੁੰਦਾ ਹੈ।

ਅੱਜ ਕਲ੍ਹ ਤਾਂ ਹਰ ਚੀਜ਼ ਅਸਮਾਨੀ ਚੜ੍ਹੀ ਹੋਈ ਹੈ। ਕੀ ਕਾਗਜ਼, ਕੀ ਸਿਆਹੀ, ਕੀ ਛਪਾਈ ਬਹੁਤ ਹੀ ਮਹਿੰਗੀਆਂ ਹਨ । ਉਨ੍ਹਾਂ ਤਸਵੀਰਾਂ ਦੇ ਬਲਾਕ ਬਣਵਾਉਣੇ ਕਿਸੇ ਇਕ ਦੁੱਕੇ ਦਾ ਕੰਮ ਨਹੀਂ ਹੈ, ਇਹ ਤਾਂ ਕਿਸੇ ਸੁਸਾਇਟੀ ਪਾਸ ਮਸਾਲਾ ਹੋਵੇ ਤਦ ਹੀ ਇਸ ਦਾ ਲਾਭ ਹੋ ਸਕਦਾ ਹੈ। ਚੰਗਾ ਹੋਵੇ ਜੇ ਉਹ ਸਾਰਾ ਸਾਮਾਨ ਪੰਜਾਬੀ ਯੂਨੀਵਰਸਿਟੀ ਪਟਿਆਲੇ ਦੇ ਦੇਣ ਜਾਂ ਸ਼੍ਰੋ. ਗੁ. ਪ੍ਰ. ਕਮੇਟੀ ਦੀ ਇਤਿਹਾਸਕ ਖੋਜ ਵਾਲੇ ਦਫਤਰ ਨੂੰ ਜਾਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਇਤਿਹਾਸਕ ਖੋਜ ਦੇ ਮਹਿਕਮੇ ਨੂੰ ਦੇ ਦੇਣ ਤਦ ਉਹ ਇਨ੍ਹਾਂ ਤੋਂ ਕਾਫ਼ੀ ਫ਼ਾਇਦਾ ਉਠਾ ਸਕਦੇ ਹੈਨ।



Digitized by Panjab Digital Library | www.panjabdigilib.org

ਇਹ ਕਿਤਾਬ ਛਪਣ ਲਈ ਛਾਪੇਖਾਨੇ ਜਾ ਚੁਕੀ ਸੀ ਕਿ ਕੁਝ ਹੋਰ ਜ਼ਰੂਰੀ ਗੱਲਾਂ ਦਾ ਪਤਾ ਲਗਾ ਹੈ ਤੇ ਕੁਝ ਸਜਨਾਂ ਨਾਲ ਗਲ ਬਾਤ ਵੀ ਹੋਈ ਹੈ।

(੧) ਭਾਈ ਧੰਨਾ ਸਿੰਘ ਦਾ ਜਨਮ ਅਸਥਾਨ ਘਨੌਰੀ ਹੈ, ਇਥੇ ਹੁਣ ਡਾਕਖਾਨਾ ਵੀ ਖੁਲ੍ਹ ਗਿਆ ਹੈ ਜਿਸ ਦਾ ਨਾਮ ਘਨੌਰੀ ਕਲਾਂ ਹੈ।

(੨) ਜੋ ਦੋ ਯਤੀਮਖਾਨੇ ਪਟਿਆਲੇ ਸਨ। ਉਹ ਮਹਾਰਾਜਾ ਰਾਜਿੰਦਰਾ ਸਿੰਘ ਵੇਲੇ ਦੇ ਸਨ ਤੇ ਮਹਾਰਾਜਾ ਭੂਪਿੰਦਰਾ ਸਿੰਘ ਵੇਲੇ ਵੀ ਚੰਗੀ ਤਰ੍ਹਾਂ ਚਲ ਰਹੇ ਸਨ।

(੩) ਜਦ ਭਾਈ ਧੰਨਾ ਸਿੰਘ ਸ੍ਰੀ ਹਜ਼ੂਰ ਸਾਹਿਬ ਸਨ ਤਦ ਉਹਨਾਂ ਨੇ ਅੰਮ੍ਰਤ ਪਾਨ ਕੀਤਾ ਤੇ ਲਾਲ ਸਿੰਘ ਤੋਂ ਧੰਨਾ ਸਿੰਘ ਹੋ ਗਏ।

(੪) ਪਿੰਡ ਘਨੌਰੀ ਵਿਚ ਇਕ ਮਸੰਦ ਪਾਸ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਜੀ ਬੰਦੀ ਛੋੜ ਦਾ ਪਰ ਕਲੀਆਂ ਵਾਲਾ ਜਾਮਾ ਸੀ। ਜੋ ਉਹ ਸਵਾ ਰੁਪਯਾ ਲੈ ਕੇ ਦਰਸ਼ਨ ਕਰਵਾਂਦਾ ਸੀ। ਇਕ ਵਾਰੀ ਜਦ ਭਾਈ ਸਾਹਿਬ ਪਟਿਆਲੇ ਆਏ ਤਦ ਉਸ ਚੋਗੇ ਦੇ ਦਰਸ਼ਨ ਕਰਨ ਪਿੰਡ ਗਏ! ਜਦ ਵਾਪਸ ਪਟਿਆਲੇ ਪੁਜੇ ਤਦ ਹੋਰ ਸਜਨਾਂ ਮਿਤ੍ਰਾਂ ਪਾਸ ਬੈਠੇ ਰੋ ਪਏ ਤੇ ਕਿਹਾ ਕਿ ਉਹ ਮਸੰਦ ਤਾਂ ਤਮਾਕੂ ਵੇਚਦਾ ਹੈ ਤੇ ਉਹੀ ਹੱਥ ਚੋਗਾ ਸਾਹਿਬ ਨੂੰ ਲਾਂਦਾ ਹੈ ਇਸ ਲਈ ਇਹ ਚੋਗਾ ਉਥੇ ਨਹੀਂ ਰਹਿਣਾ ਚਾਹੀਦਾ। ਇਹ ਲੰਬੀ ਕਹਾਣੀ ਹੈ ਕਿ ਚੋਗਾ ਕਿਸਤਰ੍ਹਾਂ ਕਢਿਆ ਗਿਆ। ਕਿਥੇ ਕਿਥੇ ਰਿਹਾ ਅੰਤ ਨੂੰ ਪੱਕੇ ਇਕਰਾਰ ਨਾਮੇ ਹੋਏ ਤੇ ਉਸ ਮਸੰਦ ਨੂੰ ਉਹਨੀਂ ਦਿਨੀਂ ਵੀਹ ਰੁਪਏ ਮਹੀਨੇ ਦੀ ਆਮਦਨੀ ਸੀ। ਤੇ ਉਸ ਨੇ ਉਹ ਚੋਗਾ ਗੁਰਦਵਾਰੇ ਰਖਣਾ ਮਨ ਲਿਆ ਤੇ ਉਸ ਦੀ ਵੀਹ ਰੁਪਏ ਮਹੀਨਾ ਪਿਨਸ਼ਨ ਲਗ ਗਈ।

(੫) ਭਾਈ ਧੰਨਾ ਸਿੰਘ ਬਾਬਤ ਜੋ ਮੈਂ ਲਿਖਿਆ ਹੈ ਕਿ ਉਸ ਦੀ ਸ਼ਹੀਦੀ ਵਿਚ ਪੋਲੀਟੀਕਲ ਏਜੰਟ ਦਾ ਹਥ ਇਹ ਖਿਆਲ ਉਸ ਵੇਲੇ ਹੀ ਮੇਰੇ ਅੰਦਰ ਸੀ ਜਦ ਉਹਨਾਂ ਦੇ ਚਲਾਣੇ ਦੀ ਖਬਰ ਸੁਣੀ। ਪਰ ਉਹਨਾਂ ਦਾ ਮਿਤ੍ਰ ਜੋ ਫੌਜ ਵਿਚ ਉਸ ਵੇਲੇ ਹਵਾਲਦਾਰ ਸੀ ੧੯੩੬ ਵਿਚ ਹੀ ਉਸ ਦੀ ਨੌਕਰੀ *ਮੀਰਅਲੀ ਲਗ ਗਈ ਤੇ ਉਸ ਨੇ ਭਾਈ ਧੰਨਾ ਸਿੰਘ ਬਾਬਤ ਚੰਗੀ ਤਰ੍ਹਾਂ ਪੁਛ ਪੜਤਾਲ ਕੀਤੀ। ਉਹਨਾਂ ਨੇ ਦਸਿਆ ਕਿ ਉਹਨਾਂ ਨੂੰ ਆਖਰੀ ਰਾਤ ਪਿੰਡ ਹਸੋ ਖੇਲ ਜੋ ਮੀਰਅਲੀ ਤੋਂ

---

*ਗ਼ੈਰ ਅਲਾਕੇ ਵਿਚ ਅੰਗਰੇਜ਼ਾਂ ਦੀਆਂ ਛਾਉਣੀਆਂ ਤੇ ਚੌਂਕੀਆਂ ਸਨ। ਜਿਵੇਂ ਸਾਰਾ ਗੜੀ, ਕਿਲਾ Lockhaut ਤਾਂ ਮੀਰਅਲੀ ਆਦਿ।



Digitized by Panjab Digital Library | www.panjabdigilib.org

ਦੋਫਰਲਾਂਗ ਦੂਰ ਹੈ। ਵਿਚ ਇਕ ਸਿਖ ਘਰ ਬਤਾਈ। ਗੈਰ ਇਲਾਕੇ ਵਿਚ ਸਭ ਲੋਗ ਰਾਤ ਪੈਣ ਤੇ ਦਰਵਾਜ਼ੇ ਬੰਦ ਕਰ ਦੇਂਦੇ ਹੈਨ ਤੇ ਰਫਲਾਂ ਭਰਕੇ ਦੀਵਾਰ ਨਾਲ ਟਿਕਾ ਦੇਂਦੇ ਹੈਨ ਕਿ ਲੋੜ ਵੇਲੇ ਕੰਮ ਆਵੇ? ਸਵੇਰ ਦੇ ਵੇਲੇ ਇਕ ਸਜਣ ਨੇ ਕਾਰਤੂਸ ਕਢਣ ਲਈ ਰਫਲ ਫੜੀ ਤੇ ਉਸ ਦਾ ਹੱਥ ਘੋੜੇ ਤੇ ਵਜ ਗਿਆ ਤੇ ਰਫਲ ਚਲ ਗਈ। ਉਸ ਵੇਲੇ ਭਾਈ ਧੰਨਾ ਸਿੰਘ ਜੀ ਅਸ਼ਨਾਨ ਕਰਕੇ ਕੰਘਾ ਕਰ ਰਹੇ ਸਨ ਗੋਲੀ ਵਜੀ ਤੇ ਉਥੇ ਹੀ ਢੇਰੀ ਹੋ ਗਏ। ਉਹਨਾਂ ਦਾ ਸਾਈਕਲ ਤੇ ਸਾਮਾਨ ਬਨੂ ਗੁਰਦਵਾਰੇ ਪੁਚਾਇਆ ਗਿਆ।†

ਇਕ ਹੋਰ ਸਜਣ ਤੋਂ ਇਹ ਵੀ ਪਤਾ ਲਗਾ ਹੈ ਕਿ ਭਾਈ ਧੰਨਾ ਸਿੰਘ ਪਾਸ ਪੰਜਾਬ ਰਿਆਸਤਾਂ ਦੇ ਪੋਲੀਟੀਕਲ ਏਜੰਟ ਕਰਨਲ ਫਿਸਟਾਪੈਟਰਕ ਦੇ ਨਿਜੀ ਸਕਤ੍ਰ ਦੀ ਚਿੱਠੀ ਵੀ ਸੀ। ਜਿਸ ਤੇ ਉਹ ਮਦਦ ਲੈ ਸਕਦੇ ਸਨ। ਇਹ ਵੀ ਪਤਾ ਲਗਾ ਹੈ ਕਿ ੧੯੪੬ਵਿਚ ਦੋ ਪ੍ਰਤਿਸ਼ਠਤ ਸਜਣ ਬਨੂ ਗਏ ਉਸ ਵੇਲੇ ਵੀ ਬਨੂ ਦੇ ਗੁਰਦਵਾਰੇ ਵਿਚ ਉਹਨਾਂ ਦਾ ਸਾਈਕਲ ਤੇ ਕੰਬਲ ਪਿਆ ਸੀ।

ਭਾਈ ਸਾਹਿਬ ਦਾ ਸਾਰਾ ਇਤਿਹਾਸਕ ਮਸਾਲਾ ਮਿਸਤ੍ਰੀ ਗੁਰਬਖਸ਼ ਸਿੰਘ ਪਾਸ ਤਿੰਨ ਜਿਸਤੀ ਟਰੰਕਾਂ ਵਿਚ ਬੰਦ ਪਿਆ ਸੀ। ਮਿਸਤਰੀ ਹੋਰੀਂ ਉਸ ਦਾ ਦਸ ਹਜ਼ਾਰ ਵਟਣਾ ਚਾਹੁੰਦੇ ਸਨ। ਇਕ ਗੁਰਮੁਖ ਨੇ ਤਿੰਨ ਹਜ਼ਾਰ ਦੇਣਾ ਚਾਹਿਆ ਪਰ ਮਿਸਤਰੀ ਜੀ ਨਹੀਂ ਮੰਨੇ। ਹੁਣ ਵੀ ਚੰਗਾ ਹੋਵੇ ਜੇ ਪੰਜਾਬੀ ਯੂਨੀਵਰਸਿਟੀ ਖਾਲਸਾ ਕਾਲਜ ਜਾਂ ਸ਼ਰੋਮਣੀ ਕਮੇਟੀ ਸੇਵਾ ਸਿੰਘ ਨਾਲ ਸੌਦਾ ਕਰਕੇ ਉਹ ਤਿੰਨ ਬਕਸੇ ਖਰੀਦ ਲੈਣ ਉਸ ਵਿਚ ਬਹੁਤ ਕੁਝ ਹੈ। ੪੫ ਸਾਲ ਹੋ ਗਏ ਹੈਨ ਹੋਲੀ ਹੋਲੀ ਉਹ ਮਿੱਟੀ ਹੀ ਹੋ ਜਾਵੇਗਾ।

---

†ਇਹ ਸਜਨ ਪਿਨਸ਼ਨ ਵੇਲੇ ਸੂਬੇਦਾਰ ਸਮੇਤ ਲਫਟੈਂਨ ਦਾ ਸਨਮਾਨ ਵੀ ਮਿਲਿਆ।



Digitized by Panjab Digital Library | www.panjabdigilib.org



ਡਾ. ਬਲਵੰਤ ਸਿੰਘ ਮਲਿਕ, B. A. LL. B.
ਜਨਮ ੧੩ ਜਨਵਰੀ, ੧੯੯੯

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸ੍ਰੀ ਅਕਾਲ ਜੀ ਸਹਾਇ ॥

# ਮੁਖ-ਬੰਧ

ਆਮ ਤੌਰ ਤੇ ਇਹ ਵੇਖਣ ਵਿਚ ਆਉਂਦਾ ਹੈ ਕਿ ਬਹੁਤ ਸਿੱਖਾਂ ਨੂੰ ਦਸਮ ਗ੍ਰੰਥ ਬਾਬਤ ਕੁਝ ਪਤਾ ਨਹੀਂ ਕਿ ਇਹ ਗ੍ਰੰਥ ਕਿਸ ਨੇ ਅਤੇ ਕਦੋਂ ਲਿਖਿਆ। ਕਈ ਪੜ੍ਹੇ ਲਿਖੇ ਸੱਜਣ ਇਹ ਵੀ ਕਹਿੰਦੇ ਹਨ ਕਿ ਜਦ ਗੁਰੂ ਮਹਾਰਾਜ ਅਵਤਾਰਾਂ ਨੂੰ ਨਹੀਂ ਮੰਨਦੇ ਸਨ ਤਦ ਉਹਨਾਂ ਨੇ ਅਵਤਾਰਾਂ ਦਾ ਹਾਲ ਕਿਉਂ ਲਿਖਿਆ। ਪੜ੍ਹੇ ਲਿਖੇ ਸੱਜਣਾਂ ਵਿੱਚੋਂ ਬਹੁਤ ਹੀ ਥੋੜੇ ਸਨ; ਜਿਨ੍ਹਾਂ ਨੇ ਦਸਮ ਗਰੰਥ ਦਾ ਪਾਠ ਕੀਤਾ ਹੋਵੇ। ਹੋਰਨਾਂ ਦਾ ਤਾਂ ਕਹਿਣਾ ਹੀ ਕੀ ਹੈ। ਸਾਡੇ ਉਪਦੇਸ਼ਕ ਵੀ ਸੁਣੀ ਸੁਣਾਈ ਗੱਲ ਕਹਿ ਦਿੰਦੇ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਦਸਮ ਗ੍ਰੰਥ ਦਾ ਪਾਠ ਨਹੀਂ ਕੀਤਾ।

(ਰੂਪ ਕੌਰ) ੨੧ਵੇਂ ਚਰਿਤ੍ਰ ਦਾ ਕਿੱਸਾ ਮੈਂ ਵੱਖ ਵੱਖ ਉਪਦੇਸ਼ਕਾਂ ਪਾਸੋਂ ਵੱਖ ਵੱਖ ਰੰਗਾਂ ਵਿਚ ਸੁਣਿਆ ਹੈ। ਕੁਝ ਸੁਣੀ ਸੁਣਾਈ ਗੱਲ ਤੇ ਕੁਝ ਆਪਣੇ ਪਾਸੋਂ ਵਧਾ ਕੇ ਇਕ ਨਵਾਂ ਕਿੱਸਾ ਬਣਾ ਦਿੰਦੇ ਹਨ। ਕੁਝ ਸਾਲ ਹੋਏ ਕਿ ਨੌਵੀਂ ਪਾਤਸ਼ਾਹੀ ਦੇ ਸ਼ਹੀਦੀ ਗੁਰਪੁਰਬ ਦਾ ਦੀਵਾਨ ਸੀ ਤੇ ਰਾਗੀ ਸਿੰਘਾਂ ਨੇ ਆਸਾ ਦੀ ਵਾਰ ਤੋਂ ਬਾਅਦ ਇਹਨਾਂ ਦੋਹਰਿਆਂ ਦਾ ਕੀਰਤਨ ਕੀਤਾ :—

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭੁ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥

(ਬਚਿੱਤ੍ਰ ਨਾਟਕ, ਪੰਨਾ 54)

ਕੀਰਤਨ ਦੇ ਪਿੱਛੋਂ ਇਕ ਉਪਦੇਸ਼ਕ ਦਾ ਵਿਖਿਆਨ ਸੀ। ਉਹ ਉਠੇ ਅਤੇ ਸਭ ਤੋਂ ਪਹਿਲਾਂ ਇਹ ਕਿਹਾ ਕਿ ਕਿਸੇ ਕਵੀ ਨੇ ਕਿਆ ਸੋਹਣਾ ਕਿਹਾ ਹੈ ਜੋ ਰਾਗੀ



Digitized by Panjab Digital Library | www.panjabdigilib.org

ਸਿੰਘਾਂ ਨੇ ਹੁਣੇ ਕੀਰਤਨ ਕੀਤਾ ਹੈ । ਸਵੇਰ ਦੇ ਦੀਵਾਨ ਦੀ ਸਮਾਪਤੀ ਦੇ ਬਾਅਦ ਮੈਂ ਬਾਹਰ ਜਾ ਕੇ ਉਹਨਾਂ ਪਾਸੋਂ ਇਹ ਪੁੱਛਿਆ ਕਿ ਇਹ ਦੋਹਰੇ ਕਿਸ ਦੇ ਕਹੇ ਹੋਏ ਹਨ । ਉਨ੍ਹਾਂ ਨੇ ਜਵਾਬ ਦਿੱਤਾ ਕਿ ਕਿਸੇ ਕਵੀ ਦੇ ਹੋਏ ਹਨ, ਨਾਮ ਦਾ ਮੈਨੂੰ ਪਤਾ ਨਹੀਂ । ਸੋ ਤੁਸੀਂ ਸੋਚੋ ਕਿ ਜੇ ਉਨ੍ਹਾਂ ਨੇ 'ਦਸ ਗ੍ਰੰਥੀ' ਦਾ ਪਾਠ ਕੀਤਾ ਹੁੰਦਾ ਤਦ ਉਨ੍ਹਾਂ ਨੂੰ ਪਤਾ ਲਗ ਜਾਂਦਾ ਕਿ ਇਹ ਦਸਮ-ਪਾਤਸ਼ਾਹ ਦੇ ਉਚਾਰਨ ਕੀਤੇ ਹੋਏ ਹਨ । ਮੈਨੂੰ ਦਸਮ ਗ੍ਰੰਥ ਦੇ ਪਾਠ ਦਾ ਕਿਸ ਤਰ੍ਹਾਂ ਖਿਆਲ ਆਇਆ ਇਸ ਦਾ ਪਿਛੋਕੜ ਦਸਣਾ ਵੀ ਜ਼ਰੂਰੀ ਹੈ ।

ਦਸਮ ਪਾਤਸ਼ਾਹ ਦੀ ਬਾਣੀ ਲਈ ਮੈਨੂੰ ਸਕੂਲ ਵਿਚ ਹੀ ਸਨੇਹ ਪੈਦਾ ਹੋ ਗਿਆ ਸੀ ਅਤੇ ਮੈਂ ਦਸ ਗ੍ਰੰਥੀ ਨੂੰ ਵਾਚਦਾ ਹੁੰਦਾ ਸਾਂ । ਸਕੂਲ ਦੇ ਦਿਨਾਂ ਵਿਚ 1905 ਵਿਚ ਬੁੱਧੀਮਾਨੀ ਦਾ ਇਮਤਿਹਾਨ ਦਿੱਤਾ ਅਤੇ 1906 ਵਿਚ ਵਿਦਵਾਨੀ ਦਾ । ਸਾਡੇ ਸਕੂਲ ਵਿਚ ਪੰਜਾਬੀ ਦੇ ਦੋ ਟੀਚਰ ਸਨ, ਮੈਂ ਦੋਹਾਂ ਪਾਸੋਂ ਆਪਣੇ ਇਮਤਿਹਾਨਾਂ ਲਈ ਮਦਦ ਲੈਂਦਾ ਸਾਂ । ਇਕ ਭਾਈ ਜੀ ਸਨਾਤਨੀ ਖਿਆਲ ਦੇ ਸਨ ਅਤੇ ਦੂਜੇ ਸਿੰਘ ਸਭਾ ਖਿਆਲ ਦੇ । ਦੋਹਾਂ ਵਿਚ ਕਈ ਵਾਰ ਚਰਚਾ ਹੁੰਦੀ ਸੀ । ਸਨਾਤਨੀ ਭਾਈ ਕਹਿੰਦਾ ਸੀ ਕਿ ਗੁਰੂ ਮਹਾਰਾਜ ਨੇ ਲਿਖਿਆ ਹੈ ਕਿ :–

"ਰਾਮ ਕਥਾ ਜੁਗ ਜੁਗ ਅਟਲ ਸਭ ਕੋਈ ਭਾਖਤ ਨੇਤ ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥੮੫੮॥
ਜੋ ਇਹ ਕਥਾ ਸੁਨੈ ਅਰੁ ਗਾਵੈ ॥ ਦੂਖ ਪਾਪ ਤਿਹ ਨਿਕਟ ਨ ਆਵੈ ॥"

(ਰਾਮਾਵਤਾਰ, ਪੰਨਾ 253-54)

ਇਸ ਲਈ ਉਹ ਜ਼ਰੂਰ ਸ੍ਰੀ ਰਾਮ ਚੰਦਰ ਨੂੰ ਅਵਤਾਰ ਮੰਨਦੇ ਸਨ ।

ਦੂਜੇ ਭਾਈ ਜੀ ਕਹਿੰਦੇ ਸਨ ਕਿ ਗੁਰੂ ਮਹਾਰਾਜ ਨੇ ਇਹ ਲਿਖਿਆ ਹੈ :—

"ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨਹ ਧਿਆਊਂ ॥"

(ਕਿਸਨਾਵਤਾਰ, ਪੰਨਾ 310)

ਇਸ ਤਰ੍ਹਾਂ ਦੀ ਚਰਚਾ ਆਮ ਹੁੰਦੀ ਰਹਿੰਦੀ ਸੀ । ਪਰ ਸਵਾਦੀ ਗੱਲ ਇਹ ਹੈ ਕਿ ਉਨ੍ਹਾਂ ਦੋਹਾਂ ਨੇ ਦਸਮ ਗ੍ਰੰਥ ਦਾ ਪਾਠ ਨਹੀਂ ਕੀਤਾ ਸੀ । ਕੁਝ ਸੁਣੀ ਸੁਣਾਈ ਗੱਲ ਅਤੇ ਜੋ ਗੁਟਕੇ ਤੋਂ ਪਤਾ ਲੱਗਾ ਉਸ ਦੇ ਅਧਾਰ ਤੇ ਆਪਣਾ ਪੱਖ ਸਿਧ ਕਰਨ ਦੀ ਕੋਸ਼ਿਸ਼ ਕਰਦੇ ਸਨ । ਮੈਂ ਵੀ ਆਪਣੀ ਵਿਤ ਅਨੁਸਾਰ ਸਿੰਘ ਸਭਾ ਲਹਿਰ ਵਿਚ



Digitized by Panjab Digital Library | www.panjabdigilib.org

ਭਾਗ ਲੈਂਦਾ ਰਿਹਾ ਹਾਂ। ਉਨੀਂ ਦਿਨੀਂ ਜੋ ਸ੍ਰੀ 'ਰਹਿਰਾਸਿ' ਦਾ ਪਾਠ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਗੁਰਦਵਾਰਿਆਂ ਤੇ ਘਰਾਂ ਵਿਚ ਹੁੰਦਾ ਸੀ। ਉਸ ਵੇਲੇ ਚੌਪਈ ਪੂਰੀ ਅੜਿੱਲ ਸਮੇਤ ਪੜ੍ਹੀ ਜਾਂਦੀ ਸੀ ਤੇ ਉਸਦੇ ਪਿੱਛੇ ਬਹੁਤ ਦੋਹਿਰੇ, ਚੌਪਈਆਂ, ਸਵੱਈਏ ਆਦਿ ਪੜ੍ਹੇ ਜਾਂਦੇ ਸਨ ਤੇ ਉਪਰ ਲਿਖੇ ਦੋਹਰੇ ਵੀ ਉਨ੍ਹਾਂ ਵਿੱਚੋਂ ਹਨ। ਖਿਆਲ ਆਉਂਦਾ ਸੀ ਕਿ ਗੁਰੂ ਮਹਾਰਾਜ ਅਵਤਾਰਾਂ ਨੂੰ ਤਾਂ ਨਹੀਂ ਮੰਨਦੇ ਸਨ, ਫਿਰ ਉਹਨਾਂ ਨੇ ਇਸ ਤਰ੍ਹਾਂ ਕਿਉਂ ਲਿਖਿਆ। ਕੁਝ ਉਪਦੇਸ਼ਕਾਂ ਤੇ ਹੋਰ ਸੱਜਣਾਂ ਨਾਲ ਗਲ-ਬਾਤ ਕੀਤੀ ਪਰ ਕਿਸੇ ਨੇ ਵੀ ਮੇਰੀ ਤਸੱਲੀ ਨਹੀਂ ਕਰਵਾਈ ਸ਼ਾਇਦ ਉਨ੍ਹਾਂ ਨੇ ਵੀ ਦਸ਼ ਗ੍ਰੰਥੀ ਦਾ ਪਾਠ ਨਾ ਕੀਤਾ ਹੋਵੇ।‡

1908 ਦੇ ਅਖੀਰ ਦਾ ਜ਼ਿਕਰ ਹੈ ਕਿ ਹੇਠ ਲਿਖਿਆ ਦੋਹਰਾ ਮੇਰੀ ਦਰਿਸ਼ਟੀ ਵਿਚ ਆਂਦਾ ਗਿਆ ਤੇ ਦੱਸਿਆ ਗਿਆ ਕਿ ਇਹ ਦੋਹਰਾ ਦਸਮ ਗ੍ਰੰਥ ਵਿਚ ਹੈ।

ਦੋਹਰਾ—"ਅੰਨਿ ਅੰਨਿ ਤੇ ਹੋਤੁ ਜਸੋਂ ਘਾਸਿ ਘਾਸਿ ਤੇ ਹੋਇ॥
ਤੈਸੇ ਮਨੁਛ ਮਨੁਛ ਤੇ ਅਵਰੁ ਕਰਤਾ ਕੋਇ ॥੧੪॥"

(ਪੰਨਾ 183)

ਇਹ ਵੇਖਕੇ ਬੜੀ ਹੈਰਾਨੀ ਹੋਈ ਕਿ ਇਹ ਲਿਖਣ ਵਾਲਾ ਤਾਂ ਨਾਸਤਕ ਹੋ ਸਕਦਾ ਹੈ ਤੇ ਗੁਰੂ ਮਹਾਰਾਜ ਤਾਂ ਸਿਰਫ਼ ਅਕਾਲ ਪੁਰਖ ਦੇ ਉਪਾਸ਼ਕ ਸਨ।

ਯਥਾ:—ਜੋ ਹਮ ਕੋ ਪਰਮੇਸਰ ਉਚਰਿਹੈ॥ ਤੇ ਸਭ ਨਰਕ ਕੁੰਡ ਮਹਿ ਪਰਿਹੈ॥
ਮੋ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈ ਭੇਦੁ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ ॥...
ਪੁਨਾ:— ਕਹਿਯੋ ਪ੍ਰਭੂ ਸੁ ਭਾਖਿ ਹੋ॥ ਕਿਸੂ ਨ ਕਾਨ ਰਾਖਿ ਹੋ॥
ਕਿਸੂ ਨ ਭੇਖ ਭੀਜ ਹੋ॥ ਅਲੇਖ ਬੀਜ ਬੀਜ ਹੋ ॥੬੪॥"...
ਪੁਨਾ.—ਜਿਨ ਜਿਨ ਨਾਮੁ ਤਿਹਾਰੋ ਧਿਆਇਆ॥
ਦੂਖ ਪਾਪ ਤਿਨ ਨਿਕਟ ਨ ਆਇਆ॥
ਜੇ ਜੇ ਅਉਰ ਧਿਆਨ ਕੋ ਧਰ ਹੀ॥
ਬਹਿਸ ਬਹਿਸ ਬਾਦਨ ਤੇ ਮਰ ਹੀ ॥੪੧॥

---

‡ਦਸ ਗ੍ਰੰਥੀ ਵਿਚ ਦਸਮ ਗ੍ਰੰਥ ਵਿੱਚੋਂ ਹੇਠ ਲਿਖੀਆਂ ਬਾਣੀਆਂ ਦਰਜ ਹਨ: ਜਾਪੁ ਸਾਹਿਬ, ਅਕਾਲ ਉਸਤਤ; ਬਚਿਤਰ ਨਾਟਕ, ਚੰਡੀ ਚਰਿਤ੍ਰ ਦੋ, ਚੰਡੀ ਦੀ ਵਾਰ ਤੇ ਗਿਆਨ ਪ੍ਰਬੋਧ।



Digitized by Panjab Digital Library | www.panjabdigilib.org

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਯਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨਿ ॥੪੩॥
[ਪੰਨਾ 57-58]

ਸਾਰਾ ਜਾਪੁ ਸਾਹਿਬ ਤੇ ਅਕਾਲ ਉਸਤਤ, ਅਕਾਲ ਪੁਰਖ ਦੀ ਉਸਤਤੀ ਵਿਚ ਹੈ। ਇਸ ਲਈ ਇਹ ਖਿਆਲ ਆਇਆ ਕਿ ਦਸਮ ਗ੍ਰੰਥ ਨੂੰ ਵਾਚਣਾ ਜ਼ਰੂਰੀ ਹੈ। ਅਤੇ 1909-10 ਵਿਚ ਜਿਤਨਾ ਵਕਤ ਮਿਲ ਸਕਿਆ ਪਾਠ ਕਰਨ ਤੇ ਸਮਝਣ ਦੀ ਕੋਸ਼ਿਸ਼ ਕੀਤੀ ਤੇ ਵਿਦਵਾਨਾਂ ਦੀ ਮਦਦ ਵੀ ਲੈਂਦਾ ਰਿਹਾ। ਖਾਸ ਕਰਕੇ 24 ਅਵਤਾਰਾਂ ਨੂੰ ਪੜ੍ਹਨ ਅਤੇ ਸਮਝਣ ਦੀ ਕੋਸ਼ਿਸ਼ ਕੀਤੀ। ਭਾਵੇਂ ਉਹਨਾਂ ਦਿਨਾਂ ਵਿਚ ਕੰਮ ਬਹੁਤ ਸੀ ਤੇ ਵਕਤ ਘੱਟ ਸੀ। ਪਰ ਆਪਣੀ ਤਸੱਲੀ ਲਈ ਜੋ ਜ਼ਰੂਰੀ ਸੀ ਉਹ ਦੇਖ ਲਿਆ।*

---

* ਨੋਟ:—ਵਕਤ ਘੱਟ ਹੋਣ ਦਾ ਕਾਰਨ ਇਹ ਹੈ ਕਿ ਮੈਂ ਸਾਢੇ ਤਿੰਨ ਸਾਲ ਸਿੰਘ ਸਭਾ ਆਗਰਾ ਦਾ ਸਕੱਤਰ ਰਿਹਾ। ਦੋ ਗੁਰਮੁਖੀ ਪਾਠਸ਼ਾਲਾ ਸਿੰਘ ਸਭਾ ਵੱਲੋਂ ਚਲਦੀਆਂ ਸਨ। ਇਕ ਗੁਰਦੁਆਰਾ ਮਾਈ ਸਥਾਨ ਤੇ ਦੂਜੀ ਖਿਟੀਕਾਂ ਦੇ ਮਹੱਲੇ ਵਿਚ। ਮਾਸਟਰ ਰੱਖਣ ਦੇ ਬਾਵਜੂਦ ਵੀ ਕਦੀ ਕਦੀ ਮੈਨੂੰ ਸ਼ਾਮ ਦੀ ਡਿਊਟੀ ਦੇਣੀ ਪੈਂਦੀ ਸੀ। ਆਗਰੇ ਵਿਚ 16 ਜਾਂ 18 ਡਾਕਟਰੀ ਦੇ ਵਿਦਿਆਰਥੀ ਸਨ ਜੋ ਕਿ ਚਾਰ ਆਨੇ ਮਹੀਨਾ ਚੰਦਾ ਦਿੰਦੇ ਸਨ। ਇਲਾਕੇ ਦੇ ਦੋ ਸਿੱਖ ਥਾਣੇਦਾਰ ਤੇ ਓਵਰਸੀਅਰ ਇਕ ਇਕ ਰੁਪੈ ਦਿੰਦੇ ਸਨ ਮਹੀਨੇ ਦਾ। ਸਾਲਾਨਾ ਦੀਵਾਨ ਤੇ ਇਕ ਹਜ਼ਾਰ ਤੋਂ ਵੱਧ ਖਰਚ ਸੀ। ਅੰਮ੍ਰਿਤ ਪ੍ਰਚਾਰ ਵੀ ਕੀਤਾ ਜਾਂਦਾ ਸੀ। ਬੱਚਿਆਂ ਨੂੰ ਕਿਤਾਬਾਂ, ਕਾਪੀਆਂ ਪੈਨਸਿਲਾਂ ਤੇ ਦਵਾਤਾਂ ਮੁਫਤ ਦਿੱਤੀਆਂ ਜਾਂਦੀਆਂ ਸਨ। ਸਾਰੇ ਸਾਲ ਦਾ ਖਰਚ 3 ਹਜ਼ਾਰ ਤੋਂ ਉੱਪਰ ਸੀ। ਜਿਸਨੂੰ ਪੂਰਾ ਕਰਨ ਲਈ ਉਹਨਾਂ ਸਾਰੇ ਡਾਕਟਰਾਂ ਨੂੰ ਜੋ ਕਿ ਇਥੋਂ ਗਏ ਸਨ ਚਿੱਠੀਆਂ ਲਿਖੀਆਂ ਜਾਂਦੀਆਂ ਸਨ। ਹਫਤੇ ਵਿਚ 15 ਜਾਂ ਵੀਹ ਚਿੱਠੀਆਂ ਮੈਂ ਮੈਡੀਕਲ ਸਕੂਲ ਵਿਚ ਪੜ੍ਹਦਾ ਸੀ ਤੇ 1909 ਵਿਚ ਹੀ Saint Jain College, F. S. C.–Medical ਵਿਚ ਦਾਖਲ ਹੋ ਗਿਆ। ਦੋਨੋਂ ਇਮਤਿਹਾਨ ਮੈਂ March-April 1911 ਵਿਚ ਦਿੱਤੇ ਤੇ ਚੰਗੀ ਪੋਜ਼ੀਸ਼ਨ ਵਿਚ ਵਿਚ ਪਾਸ ਕੀਤੇ।



Digitized by Panjab Digital Library | www.panjabdigilib.org

ਹੁਣ ਕੋਈ ਦੋ ਸਾਲ ਤੋਂ ਖਿਆਲ ਆਇਆ ਕਿ ਹੁਣ ਆਖਰੀ ਦਿਨ ਹਨ। ਜੇ ਹੋ ਸਕੇ ਤਦ ਕੁਝ ਦਸਮ ਗ੍ਰੰਥ ਬਾਬਤ ਹੋਰ ਵਿਚਾਰ ਕਰਾਂ। ਦਸਮ ਗ੍ਰੰਥ ਵਿਚ ਗੁਰਬਾਣੀ ਵੀ ਹੈ। ਪੁਰਾਣੇ ਹਿੰਦੂ ਇਤਿਹਾਸਕ ਗ੍ਰੰਥਾਂ ਦੇ ਉਲਥੇ ਵੀ ਹਨ ਤੇ ਕਈ ਕਹਾਣੀਆਂ ਵੀ ਹਨ ਤੇ ਜ਼ਫ਼ਰਨਾਮਾ ਵੀ ਹੈ।

ਗੁਰਸਿੱਖਾਂ ਦਾ ਇਸ਼ਟ ਤੇ ਗੁਰੂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ। ਜੋ ਦਸਾਂ ਗੁਰਾਂ ਦਾ ਪ੍ਰਤੱਖ ਰੂਪ ਹੈ ਤੇ ਦਸਮ ਗ੍ਰੰਥ ਨੂੰ ਉਨ੍ਹਾਂ ਦੇ ਬਰਾਬਰ ਪ੍ਰਕਾਸ਼ ਕਰਨਾ ਤੇ ਅਖੰਡ ਪਾਠ ਕਰਨੇ 'ਮਨਮਤ' ਹਨ। ਇਹਨਾਂ ਤੋਂ ਬਚਣਾ ਚਾਹੀਦਾ ਹੈ। ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਤੇ ਪੂਜਣਾ ਸਿੱਖਾਂ ਦਾ ਧਰਮ ਹੈ।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ (ਮ: ੪)

## ਸ਼ੰਕਾਵਾਦੀਆਂ ਨੂੰ ਉੱਤਰ

ਦਸਮ-ਗ੍ਰੰਥ ਬਾਬਤ ਵਾਦ-ਵਿਵਾਦ ਸ਼ੁਰੂ ਤੋਂ ਹੈ ਅਤੇ ਹੁਣ ਵੀ ਬਹੁਤ ਵਿਦਵਾਨ ਵੱਖੋ ਵੱਖ ਰਾਏ ਦਿੰਦੇ ਹਨ। ਜਿਸ ਤੇ ਮੈਂ ਅੱਗੇ ਜਾ ਕੇ ਵਿਚਾਰ ਕਰਾਂਗਾ। ਪਰ ਦਸਮ ਗ੍ਰੰਥ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਬਾਬਤ ਵੀ ਕੁਝ ਨਵੇਂ ਖ਼ਿਆਲ ਸ਼ੁਰੂ ਹੋ ਗਏ ਹਨ। ਸਭ ਤੋਂ ਪਹਿਲਾਂ 1907 ਵਿਚ ਬਾਬੂ ਤੇਜਾ ਸਿੰਘ ਜੀ 'ਭਸੌੜ' ਵਾਲਿਆਂ ਨੇ 'ਰਾਗਮਾਲਾ' ਤੇ ਚੌਪਈਆਂ ਦੀਆਂ ਆਖਰੀ ਤੁਕਾਂ ਤੇ ਇਤਰਾਜ਼ ਕੀਤਾ। ਤਦ ਪੰਥ ਵਿਚ ਕਾਫ਼ੀ ਚਰਚਾ ਛਿੜ ਪਈ ਪਰ ਬਾਅਦ ਵਿਚ ਉਨ੍ਹਾਂ ਨੇ ਭਗਤਬਾਣੀ ਅਤੇ ਖਾਸ ਕਰਕੇ ਭੱਟਾਂ ਦੇ ਸਵੱਈਆਂ ਤੇ ਕਿੰਤੂ ਕੀਤਾ। ਫਿਰ ਗੁਰਬਾਣੀ ਦੇ ਸ਼ਬਦਾਂ ਤੇ ਵੀ, ਜੋ ਉਨ੍ਹਾਂ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਸਨ। ਤਦ ਪੰਥ ਵਿਚ ਗਰਮਾ-ਗਰਮੀ ਬਹਿਸ ਹੋਈ। ਬਾਬੂ ਜੀ ਨੇ ਇਕ ਹਜ਼ੂਰੀ ਬੀੜ ਤਿਆਰ ਕੀਤੀ ਤੇ ਉਸ ਦਾ ਪ੍ਰਚਾਰ ਕੀਤਾ ਤੇ ਦਸਮ-ਪਾਤਸ਼ਾਹ ਦੀ ਬਾਣੀ ਵਿਚ ਕੁਝ ਅਦਲਾ-ਬਦਲੀ ਕੀਤੀ ਜਿਸ ਤੇ ਬਹੁਤ Agratation ਹੋਈ ਤੇ ਕਈ ਪਤਰ ਵੀ ਬਾਬੂ ਜੀ ਨੂੰ ਭੇਜੇ ਗਏ ਪਰ ਇਨ੍ਹਾਂ ਦਾ ਵੀ ਕੋਈ ਅਸਰ ਨਾ ਹੋਇਆ। ਆਖਰ ਇਹ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਤਕ ਪੁੱਜਾ ਤੇ ਸ੍ਰੀ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਹੋਇਆ ਜਿਸ ਵਿਚ ਬਾਬੂ ਤੇਜਾ ਸਿੰਘ ਤੇ ਉਨ੍ਹਾਂ ਦੀ ਸਿੰਘਣੀ ਬੀਬੀ ਨਿਰੰਜਨ ਕੌਰ ਨੂੰ ਪੰਥ ਵਿੱਚੋਂ ਖਾਰਜ ਕਰ ਦਿੱਤਾ ਗਿਆ ਅਤੇ ਉਨ੍ਹਾਂ ਦਾ ਤੇ ਪੰਚ ਖਾਲਸਾ ਦੀਵਾਨ ਦੇ ਬਾਕੀ



Digitized by Panjab Digital Library | www.panjabdigilib.org

ਮੈਂਬਰਾਂ ਦਾ ਅਕਾਲ ਤਖਤ ਤੋਂ ਤੇ ਹੋਰ ਗੁਰਦਵਾਰਿਆਂ ਵਿਚ ਅਰਦਾਸਾ ਬੰਦ ਕੀਤਾ ਗਿਆ।

ਬਾਬੂ ਤੇਜਾ ਸਿੰਘ ਜੀ ਨੇ ਭਾਈ ਬੁੱਧ ਸਿੰਘ ਦੇ ਗੁਰਮਤ ਪ੍ਰੈੱਸ ਵਿੱਚੋਂ 1257 ਸਫ਼ੇ ਦੀਆਂ ਪਾਵਨ ਬੀੜਾਂ ਛਪਵਾਈਆਂ। ਜਿਸ ਵਿਚ ਨੌਵੀਂ ਪਾਤਸ਼ਾਹੀ ਦੇ ਸਲੋਕ ਤੇ ਮੁੰਦਾਵਣੀ ਦੇ ਦੋ ਸ਼ਬਦ 1256 ਦੇ ਆਖਰ ਖਤਮ ਹੋ ਜਾਂਦੇ ਸਨ। 1257 ਸਫ਼ੇ ਉਤੇ ਸਿਰਫ਼ 'ਰਾਗਮਾਲਾ' ਸੀ। ਉਨ੍ਹਾਂ ਨੇ 1256 ਦੀਆਂ ਬੀੜਾਂ ਦੀਆਂ ਜਿਲਦਾਂ ਬਣਵਾਈਆਂ ਤੇ ਇਹ ਬੀੜਾਂ ਪ੍ਰਚਾਰ ਲਈ ਸਭ ਤੋਂ ਪਹਿਲਾਂ ਬਾਹਰ ਟਾਪੂਆਂ ਵਿਚ ਹੀ ਭੇਜੀਆਂ। ਇਨ੍ਹਾਂ ਵਿਚ ਰਾਗਮਾਲਾ ਨਹੀਂ ਸੀ। ਪਰ ਮੁੜ ਇਸ ਤਰ੍ਹਾਂ ਦੀਆਂ ਬੀੜਾਂ ਪੰਜਾਬ ਵਿਚ ਵੀ ਮਿਲਣ ਲੱਗ ਪਈਆਂ। ਇਸ ਵੇਲੇ ਪੰਥ ਵਿਚ ਬਹੁਤ ਹਲਚਲ ਮਚੀ। ਕਈ ਵਿਦਵਾਨ ਉਸ ਸਮੇਂ, ਕਰਤਾਰਪੁਰ ਅਸਲੀ ਬੀੜ ਦੇ ਦਰਸ਼ਨ ਕਰਨ ਲਈ ਗਏ ਜਿਹੜੀ ਕਿ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ। ਉਨ੍ਹਾਂ ਦਸਿਆ ਕਿ ਰਾਗਮਾਲਾ ਦੀ ਸਿਆਹੀ ਤੇ ਲਿਖਾਈ ਉਸੇ ਤਰ੍ਹਾਂ ਦੀ ਹੈ, ਜਿਸ ਤਰ੍ਹਾਂ ਬਾਕੀ ਬੀੜ ਦੇ ਵਿਚ ਹੈ। ਪਰ ਬਾਬੂ ਜੀ ਦੇ ਮਗਰ ਚਲਣ ਵਾਲੇ 'ਰਾਗਮਾਲਾ' ਦੇ 'ਬਰਖਿਲਾਫ਼' ਹੀ ਰਹੇ।

ਇਕ ਅਖ਼ਬਾਰ ਦੇ ਵਿਚ ਵੀ ਪੜ੍ਹਿਆ ਕਿ ਇਕ ਵਾਰੀ ਅਖੰਡ ਪਾਠ ਦੇ ਬਾਅਦ ਜਦ ਪਾਠੀ ਨੇ ਰਾਗਮਾਲਾ ਦਾ ਪਾਠ ਸ਼ੁਰੂ ਕੀਤਾ ਤਦ ਇਕ ਜੋਸ਼ੀਲੇ ਸਿੰਘ ਨੇ ਰਾਗਮਾਲਾ ਦਾ ਪਤ੍ਰਾ ਪਾੜ੍ਹਨ ਦੀ ਕੋਸ਼ਿਸ਼ ਕੀਤੀ। ਇਹ ਵੀ ਵੇਖਿਆ ਗਿਆ ਕਿ ਰਾਗਮਾਲਾ ਦੇ ਪਾਠ ਵੇਲੇ ਕੁਝ ਸੱਜਣ ਦੀਵਾਨ ਵਿੱਚੋਂ ਉੱਠ ਜਾਂਦੇ ਸਨ। ਜਦ ਪੰਥ ਵਿਚ ਬਹੁਤ ਹਹਮਾ ਗਰਮੀ ਹੋਈ ਤੇ ਭਸੌੜ, ਰਿਆਸਤ ਪਟਿਆਲੇ ਵਿਚ ਹੋਣ ਕਰਕੇ, ਇਕ ਹੁਕਮ ਇਜਲਾਸ ਰਾਹੀਂ ਇਹ ਕਿਹਾ ਗਿਆ ਕਿ, "ਸਾਨੂੰ ਬਹੁਤ ਤਾਰਾਂ ਤੇ ਚਿੱਠੀਆਂ ਪੁਜੀਆਂ ਹਨ ਕਿ ਜਿਹਨਾਂ ਵਿਚ ਤੇਜਾ ਸਿੰਘ ਭਸੌੜ ਵਾਲੇ ਵਿਰੁਧ, ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਰਾਗਮਾਲਾ ਦੇ ਨਾ ਛਾਪਣ ਵਿਰੁਧ ਸ਼ਕਾਇਤ ਕੀਤੀ ਗਈ ਹੈ। ਇਹ ਗੱਲ ਬਹੁਤ ਅਜੋਗ ਪ੍ਰਤੀਤ ਹੁੰਦੀ ਹੈ। ਕਿਉਂਕਿ ਇਸ ਥੀਂ ਸਿੱਖ ਕੌਮ ਦੇ ਅੱਡੋ-ਅੱਡੀ ਜਥਿਆਂ ਵਿਚ ਅਵੱਸ਼ ਹੀ ਵੈਰ ਪੈ ਜਾਏਗਾ ਅਤੇ ਇਸ ਨਾਲ ਅਮਨ ਵਿਚ ਭਾਰੀ ਵਿਗਾੜ ਪੈ ਜਾਵੇਗਾ। ਜੋ ਆਮ ਤੌਰ ਤੇ ਇਸ ਕੌਮ ਵਿਚ ਫੈਲਿਆ ਹੋਇਆ ਹੈ। ਇਕ ਵਾਰ ਦਾ ਪੈਦਾ ਹੋਇਆ ਵੈਰ ਬਹੁਤ ਬੁਰੇ ਨਤੀਜੇ ਪੈਦਾ ਕਰਨ ਤੇ ਆਮ ਅਮਨ ਵਿਚ ਖਲ੍ਹੜ ਪਾਉਣ ਦਾ ਕਾਰਨ ਹੋ ਸਕਦਾ ਹੈ। ਅਜੀਂ ਗੱਲ ਕੀ ਇਸ ਬਹਿਸ ਵਿਚ ਨਹੀਂ



Digitized by Panjab Digital Library | www.panjabdigilib.org

ਪੈਣਾ ਚਾਹੁੰਦੇ ਕਿ ਰਾਗਮਾਲਾ ਗੁਰਬਾਣੀ ਹੈ ਯਾ ਨਹੀਂ । ਪਰ ਸਾਡਾ ਪੱਕਾ ਵਿਸ਼ਵਾਸ਼ ਹੈ ਕਿ ਪਵਿੱਤਰ ਪੁਸਤਕ ਦਾ ਕੋਈ ਅੰਗ "ਗੁਰੂ ਗ੍ਰੰਥ" ਸਾਹਿਬ ਦੀ ਬੀੜ ਵਿੱਚੋਂ ਕੱਢਿਆ ਨਹੀਂ ਜਾ ਸਕਦਾ। ਇਸ ਲਈ ਅਸੀਂ ਹੁਕਮ ਦਿੰਦੇ ਹਾਂ ਕਿ ਤੇਜਾ ਸਿੰਘ 'ਰਾਗਮਾਲਾ' ਦੀਆਂ ਉਤਨੀਆਂ ਕਾਪੀਆਂ ਛਪਵਾਏ ਜਿੰਨੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛਪਵਾਏ ਹਨ ਅਤੇ ਰਾਗਮਾਲਾ ਦੀਆਂ ਕਾਪੀਆਂ ਉਨ੍ਹਾਂ ਪੁਰਖਾਂ ਵਿਚ ਵੰਡ ਦੇਣ ਜਿਨ੍ਹਾਂ ਨੇ ਇਸ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਖਰੀਦੇ ਹਨ। ਅਤੇ ਐਸਾ ਕਰਕੇ ਉਹ ਯੋਗ ਤੌਰ ਤੇ ਇਹ ਰਿਪੋਟ ਪੇਸ਼ ਕਰੇ ਕਿ ਉਸ ਨੇ ਇਸ ਹੁਕਮ ਪਾਲਨਾ ਕੀਤੀ ਹੈ।‡

## ਰਾਗ ਮਾਲਾ

ਬਾਬੂ ਤੇਜਾ ਸਿੰਘ ਨੇ ਲਿਖਿਆ ਸੀ ਕਿ ਰਾਗ ਮਾਲਾ ਗੁਰੂ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਣ ਵੇਲੇ ਨਹੀਂ ਲਿਖਾਈ। ਰਾਗ ਮਾਲਾ ਆਲਮ ਕਵੀ ਦੀ ਇਕ ਪੁਸਤਕ ਵਿਚ ਹੈ। ਕਿਸੇ ਨੇ ਪਿੱਛੋਂ ਉਸ ਦਾ ਉਤਾਰਾ ਕਰਕੇ ਕਰਤਾਰਪੁਰ ਵਾਲੀ ਬੀੜ ਵਿਚ ਲਿਖੀ। ਸ਼ਰੋਮਣੀ ਕਮੇਟੀ ਵਿਚ ਵੀ ਬਹੁਤ ਸੱਜਣ ਬਾਬੂ ਤੇਜਾ ਸਿੰਘ ਦੇ ਮਗਰ ਲੱਗਣ ਵਾਲੇ ਸਨ ਅਤੇ 1945 ਵਿਚ ਸਰੋਮਣੀ ਕਮੇਟੀ ਵੱਲੋਂ ਵੀ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਗੁਰਦੁਆਰਿਆਂ ਵਿਚ ਰਾਗ ਮਾਲਾ, ਦਾ ਪਾਠ ਬੰਦ ਕਰਵਾ ਦਿੱਤਾ। ਤਦ ਪੰਥ ਵਿਚ ਬਹੁਤ (ਜਲਸੇ) ਬਹਿਸਾਂ (Agitation) ਹੋਈਆਂ ਅਤੇ ਕਈ ਜਲਸੇ ਤੇ Conferences ਰਾਗ ਮਾਲਾ ਦੇ ਹੱਕ ਵਿਚ ਹੋਈਆਂ। ਉਸ ਵੇਲੇ ਖਾਸ ਕਰਕੇ ਡਾ: ਬਲਬੀਰ ਸਿੰਘ ਜੀ ਨੇ ਕਾਫ਼ੀ ਖੋਜ ਕਰਕੇ ਲੇਖ ਛਪਵਾਏ ਜੋ ਹੁਣ ਕਿਤਾਬ ਦੀ ਸ਼ਕਲ ਵਿਚ ਮਿਲਦੇ ਹਨ। ਉਨ੍ਹਾਂ ਨੇ ਸਾਬਤ ਕੀਤਾ ਕਿ ਆਲਮ ਦਾਤਾ ਨਹੀਂ ਯਾਚਕ ਹੈ।*

ਡਾਕਟਰ ਸਾਹਿਬ ਨੇ ਬੜੀ ਖੋਜ ਕਰਕੇ ਦਸਿਆ ਕਿ ਅਕਬਰ ਦੇ ਜ਼ਮਾਨੇ ਵਿਚ "ਜੋਧ ਕਵੀ" ਨੇ ਇਕ ਪੁਸਤਕ 'ਮਾਧਵਨਲ ਕਾਮ ਕੰਦਲਾ' ਸੰਸਕ੍ਰਿਤ ਵਿਚ ਲਿਖੀ

---

‡ਪਟਿਆਲਾ ਗੌਰਮਿੰਟ ਗਜ਼ਟ 23 ਜੇਠ ਸ: 1975।

*ਪੂਰਾ ਹਾਲ ਦੇਖਣ ਲਈ

ਰਾਗਮਾਲਾ ਦਾ ਸਵਾਲ ਤੇ ਜੋਧ ਕਵੀ ਅਤੇ ਆਲਮ—
ਡਾਕਟਰ ਬਲਬੀਰ ਸਿੰਘ ਜੀ ਪੀ-ਐਚ. ਡੀ. (ਲੰਡਨ)
ਖ਼ਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ।



Digitized by Panjab Digital Library | www.panjabdigilib.org

ਤੇ ਆਲਮ ਔਰੰਗਜ਼ੇਬ ਦੇ ਸਮੇਂ ਵਿਚ ਹੋਇਆ। ਉਸ ਨੇ ਉਸ ਦਾ ਉਲਥਾ ਹਿੰਦੀ ਵਿਚ ਕੀਤਾ ਅਤੇ ਉਸ ਵਿਚ ਆਪਣੇ ਖਿਆਲ ਤੇ ਹੋਰ ਗੱਲਾਂ ਦਾ ਵਾਧਾ ਕੀਤਾ । ਜੋਧ ਕਵੀ ਦੀ ਕਹਾਣੀ ਵਿਚ ਰਾਗ ਮਾਲਾ ਨਹੀਂ ; ਪਰ ਆਲਮ ਨੇ ਰਾਗ ਮਾਲਾ ਵਿਚ ਪਾਈ। ਉਹ ਆਪ ਲਿਖਦਾ ਹੈ :—

ਕਥਾ ਸਹਸਕ੍ਰਿਤ ਸੁਨ ਕੁਝ ਥੋਰੀ।
ਭਾਖਾ ਬਾਂਧ ਚੌਪਈ ਜੋਰੀ।

ਫਿਰ ਇਹੀ ਕਿਹਾ ਹੈ :—

ਕਛੁ ਆਪਨ ਕਛੁ ਪਰਕ੍ਰਿਤ ਢੋਰੇ।
ਜਥਾ ਸ਼ਕਤ ਕੇ ਅੱਛਰ ਜੋਰੇ।

ਇਸਦਾ ਅਰਥ ਇਹ ਨਿਕਲਦਾ ਹੈ ਕਿ ਆਲਮ ਸੰਸਕ੍ਰਿਤ ਨਹੀਂ ਜਾਣਦਾ ਸੀ ਉਸ ਨੇ ਕਥਾ ਸੁਣੀ ਸੀ।

ਹੁਣ ਇਹ ਜਾਨਣਾ ਹੈ ਕਿ ਆਲਮ ਕਵੀ ਕੌਣ ਸੀ । ਆਲਮ ਦਸਮ-ਪਾਤਸ਼ਾਹ ਦੇ 52 ਕਵੀਆਂ ਵਿੱਚੋਂ ਇਕ ਸੀ। ਇਹ ਜਨਮ ਦਾ ਬ੍ਰਾਹਮਣ ਸੀ ਪਰ ਇਕ ਮੁਸਲਮਾਨ ਇਸਤਰੀ ਦੀ ਖ਼ਾਤਰ, (ਜਿਸ ਦਾ ਨਾਮ ਸ਼ੇਖ ਸੀ) ਮੁਸਲਮਾਨ ਹੋ ਗਿਆ ਸੀ ਅਤੇ ਉਸ ਨਾਲ ਸ਼ਾਦੀ ਕੀਤੀ । ਸ਼ੇਖ ਵੀ ਚੰਗੀ ਕਵਿੱਤਰੀ ਸੀ ਅਤੇ ਦੋਹਾਂ ਨੇ ਦਸਮ ਪਾਤਸ਼ਾਹ ਦੀ ਉਸਤਤ ਵਿਚ ਕਵਿਤਾਵਾਂ ਲਿਖੀਆਂ। ਉਹ ਸਿੱਖਾਂ ਦੇ ਵਾਤਾਵਰਨ ਵਿਚ ਰਿਹਾ, ਜਿਸ ਕਰਕੇ ਸਿੱਖਾਂ ਦੀਆਂ ਬਹੁਤ ਗੱਲਾਂ ਤੋਂ ਜਾਣੂ ਸੀ । ਉਸ ਨੇ ਆਪਣੀ ਲਿਖਤ ਵਿਚ ਗੁਰਮਖ ਪਦ ਵੀ ਵਰਤਿਆ ਹੈ।

ਉਸ ਨੂੰ ਰਾਗ ਮਾਲਾ ਦਾ ਪਤਾ ਵੀ ਇਸੇ ਕਰਕੇ ਹੀ ਸੀ ਅਤੇ ਉਸ ਨੇ ਆਪਣੀ ਕਿਤਾਬ ਵਿਚ ਲਿਖ ਦਿੱਤਾ। ਇਸ ਦੇ ਬਾਅਦ ਸ਼ਰੋਮਣੀ ਕਮੇਟੀ ਨੇ ਦੋ ਵਾਰੀ ਕੁਝ ਵਿਦਵਾਨਾਂ ਨੂੰ ਕਰਤਾਰਪੁਰ ਦੀ ਬੀੜ ਦੇ ਦਰਸ਼ਨ ਕਰਨ ਲਈ ਭੇਜਿਆ। ਅਤੇ ਹਰ ਵਾਰ ਇਹ ਰਿਪੋਟ ਹੀ ਮਿਲੀ ਕਿ ਰਾਗ ਮਾਲਾ ਉਸੇ ਹੱਥ ਤੇ ਉਸੇ ਸਿਆਹੀ ਨਾਲ ਲਿਖੀ ਗਈ ਹੈ ਜਿਸ ਵਿਚ ਬਾਕੀ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ। ਤਤਕਰੇ ਵਿਚ ਜੋ ਸਫ਼ਾ ਰਾਗ ਮਾਲਾ ਲਈ ਦਿੱਤਾ ਹੈ ਉਸੇ ਸਫ਼ੇ ਤੇ ਰਾਗਮਾਲਾ ਦਰਜ ਹੈ । ਆਖ਼ਰ ਸ਼ਰੋਮਣੀ ਕਮੇਟੀ ਨੂੰ ਆਪਣਾ ਹੱਠ ਛੱਡਣਾ ਪਿਆ ਅਤੇ ਉਨ੍ਹਾਂ ਨੇ ਜੋ ਪਾਵਨ ਬੀੜਾਂ ਛਾਪੀਆਂ ਉਨ੍ਹਾਂ ਵਿਚ ਵੀ ਰਾਗ ਮਾਲਾ ਛਪੀ ।

ਇਕ ਸੱਜਣ ਦੇਰ ਤੋਂ ਹੀ ਆਸਟਰੇਲੀਆ ਵਿਚ ਰਹਿੰਦੇ ਹਨ। ਉਹ ਕਦੀ ਕਦੀ



Digitized by Panjab Digital Library | www.panjabdigilib.org

ਦਰਸ਼ਨ ਦਿੰਦੇ ਹਨ। ਉਹ ਪੰਥ ਦੇ ਬਹੁਤ ਸਾਰੇ ਅਖ਼ਬਾਰ ਤੇ ਰਸਾਲੇ ਮੰਗਵਾਂਦੇ ਹਨ। ਸਿੱਖੀ ਦਾ ਪ੍ਰਚਾਰ ਵੀ ਕਰਦੇ ਹਨ। ਉਹਨਾਂ ਪਾਸ ਸਿੱਖੀ ਬਾਬਤ ਲਿਟਰੇਚਰ ਵੀ ਬਹੁਤ ਹੈ। ਜਦ ਆਉਂਦੇ ਹਨ ਤਦ ਵਿਚਾਰ ਵੀ ਹੁੰਦਾ ਹੈ। ਉਹਨਾਂ ਨੇ ਦਸਿਆ ਕਿ ਉਹਨਾਂ (ਇਕ) ਕਿਸੇ ਅਖ਼ਬਾਰ ਜਾਂ ਰਸਾਲੇ ਵਿਚ ਲੇਖ ਪੜ੍ਹਿਆ ਸੀ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਬਾਰੇ ਇਕ ਹੱਥ-ਲਿਖਤ ਪੋਥੀ ਦਾ ਹਵਾਲਾ ਦਿੱਤਾ ਸੀ। ਉਸ ਦੇ ਅੰਤ ਵਿਚ ਰਾਗ ਮਾਲਾ ਵੀ ਸੀ। ਪਰ ਇਹ ਯਾਦ ਨਹੀਂ ਕਿ ਕਦੋਂ ਤੇ ਕਿਸ ਰਸਾਲੇ ਵਿਚ ਜਾਂ ਅਖ਼ਬਾਰ ਵਿੱਚੋਂ ਇਹ ਲੇਖ ਪੜ੍ਹਿਆ ਤੇ ਹੁਣ ਤਲਾਸ਼ ਕਰਨਾ ਮੁਸ਼ਕਲ ਹੈ।

ਕੁਝ ਚਿਰ ਬਾਅਦ ਮੈਂ ਇਹ ਗੱਲ ਗਿਆਨੀ ਮਹਾਂ ਸਿੰਘ ਜੀ ਨੂੰ ਲਿਖੀ ਤੇ ਪੁਛਿਆ ਕਿ ਉਹ ਕੋਈ ਇਸ ਬਾਬਤ ਦਸ ਸਕਣ ਤਾਂ ਕਿਰਪਾ ਹੋਵੇਗੀ। ਉਹਨਾਂ ਦਾ ਜਵਾਬ ਇਸ ਤਰ੍ਹਾਂ ਹੈ :—

ਉਹਨਾਂ ਨੇ ਕਿਹਾ ਕਿ ਮੈਂ ਇਸ ਬਾਰੇ ਕੋਈ ਖਾਸ ਜਾਣਕਾਰੀ ਨਹੀਂ ਰਖਦਾ, ਪਰੰਤੂ ਹਾਂ ! ਇਕ ਬੀੜ ਪਰਮ ਪੁਰਾਤਨ ਹੈ ਜਿਸ ਵਿਚ ਰਾਗ ਮਾਲਾ ਹੈ। ਉਸ ਬਾਰੇ ਪਤਾ ਲੱਗਾ ਹੈ ਕਿ ਜਦੋਂ ਪੰਚਮ-ਪਾਤਸ਼ਾਹ ਜੀ ਆਦਿ ਬੀੜ ਦੀ ਲਿਖਵਾਈ ਭਾਈ ਗੁਰਦਾਸ ਜੀ ਪਾਸੋਂ ਕਰਵਾ ਰਹੇ ਸਨ, ਉਸ ਵੇਲੇ ਅਨੇਕ ਪੋਥੀਆਂ ਤੋਂ ਬਾਣੀਆਂ ਨਕਲ ਕੀਤੀਆਂ ਗਈਆਂ ਅਤੇ ਪੰਚਮ ਪਾਤਸ਼ਾਹ ਜੀ ਨੇ ਆਪ ਵੀ ਬਾਣੀਆਂ ਰਚੀਆਂ ਤੇ ਕਲਮ ਨਾਲ ਲਿਖੀਆਂ, ਉਨ੍ਹਾਂ ਤੋਂ ਉਤਾਰਾ ਕਰਕੇ ਭਾਈ ਗੁਰਦਾਸ ਜੀ ਨੇ ਆਦਿ ਬੀੜ ਲਿਖੀ ਤੇ ਮੁਕੰਮਲ ਕੀਤੀ। ਉਨ੍ਹਾਂ ਦਿਨਾਂ ਵਿਚ ਸ੍ਰੀ ਚੰਦ ਜੀ ਪੰਚਮ ਪਾਤਸ਼ਾਹ ਜੀ ਨੂੰ ਆ ਕੇ ਮਿਲੇ। ਜੋ ਆਪ ਕਾਰਜ ਕਰ ਰਹੇ ਸਨ ਉਸ ਦੀ ਪ੍ਰਸੰਸਾ ਕੀਤੀ, ਤੇ ਵਿਦਾ ਹੋਣ ਵੇਲੇ ਮੰਗ ਕੀਤੀ ਕਿ ਸਾਨੂੰ ਵੀ ਇਸ ਬੀੜ ਦਾ ਉਤਾਰਾ ਦਿਉ। ਤਾਂ ਉਸ ਵੇਲੇ ਆਦਿ ਬੀੜ ਤੋਂ ਇਲਾਵਾ ਜੋ ਬਾਣੀ ਦੀਆਂ ਨਕਲਾਂ ਆਦਿ ਬੀੜ ਵਿਚ ਉਤਾਰਾ ਹੋ ਚੁੱਕੀਆਂ ਸਨ। ਉਹ ਸਾਰਾ ਮਸਾਲਾ ਇਕੱਠਾ ਕਰਕੇ ਬਾਬਾ ਜੀ ਨੂੰ ਦੇ ਦਿੱਤਾ। ਬਾਬਾ ਲਖਮੀ ਚੰਦ ਜੀ ਨੇ ਉਸ ਦੀ ਜਿਲਦ ਕਰਵਾਈ ਤੇ ਫਿਰ ਉਨ੍ਹਾਂ ਦੀ ਵੰਸ਼ ਵਿਚ ਬੀੜ ਰਹੀ। ਉਹ ਨਾ ਮੁਕੰਮਲ ਹੈ, ਪਰ ਰਾਗ ਮਾਲਾ ਉਸ ਵਿਚ ਵੀ ਹੈ। ਉਸ ਵੰਸ਼ ਦੇ ਇਕ ਸੱਜਣ ਜੀ ਉਹ ਬੀੜ ਲਿਆ ਕੇ ਪਰਮ ਸਤਿਕਾਰਯੋਗ ਭਾਈ ਸਾਹਿਬ ਜੀ ਨੂੰ ਦੇ ਗਏ ਸਨ ਤੇ ਉਸਦਾ ਯੋਗ ਇਵਜ਼ਾਨਾ ਲੈ ਗਏ ਸਨ। ਮੈਂ ਉਸ ਦੇ ਦਰਸ਼ਨ ਵੀ ਕੀਤੇ ਹਨ ਤੇ ਹੁਣ ਉਹ ਬੀੜ ਦਿੱਲੀ ਭਾਈ ਵੀਰ ਸਿੰਘ ਜੀ ਮੈਮੋਰੀਅਲ ਦੀ ਲਾਇਬਰੇਰੀ ਵਿਚ ਹੋਰ ਅਨੇਕ ਲਿਖਤ ਬੀੜਾਂ ਦੇ ਨਾਲ ਪੁਚਾਈ ਜਾ ਚੁੱਕੀ ਹੈ। ਹੋ ਸਕਦਾ ਹੈ ਉਸ ਵਿਚ ਕਈ ਬਾਣੀਆਂ ਪੰਚਮ ਪਾਤਸ਼ਾਹ ਜੀ ਦੀ ਹੱਥ ਲਿਖਤ ਵਿੱਚੋਂ ਹੋਣ ਇਹ ਮੇਰਾ ਸ਼ੰਕਾ ਹੈ।

ਸਹੀ

**ਦਾਸ ਮਹਾਂ ਸਿੰਘ ਗਿਆਨੀ**

ਖਾਲਸਾ ਸਮਾਚਾਰ, ਹਾਲ ਬਾਜ਼ਾਰ ਅੰਮ੍ਰਿਤਸਰ

Digitized by Panjab Digital Library | www.panjabdigilib.org

## ਚੌਪਈ

ਬਾਬੂ ਤੇਜਾ ਸਿੰਘ ਨੇ ਚੌਪਈ ਦੇ ਹੇਠ ਲਿਖੇ ਕੁਝ ਬੰਦ ਪੜ੍ਹਨ ਦੀ ਮਨਾਹੀ ਕੀਤੀ:

"ਕ੍ਰਿਪਾ ਕਰੀ ਹਮ ਪਰ ਜਗ ਮਾਤਾ ॥
ਗ੍ਰੰਥ ਕਰਾ , ਪੂਰਨ ਸੁਭ ਰਾਤਾ ॥
ਕਿਲਬਿਖ ਸਕਲ ਦੇਹ ਕੋ ਹਰਤਾ ॥
ਦੁਸਟ ਦੋਖਿਯਨ ਕੌ ਛੈ ਕਰਤਾ ॥੪੦੨॥
ਸ੍ਰੀ ਅਸਿਧੁਜ ਜਬ ਭਏ ਦਇਆਲਾ ॥
ਪੂਰਨ ਕਰਾ ਗ੍ਰੰਥ ਤਤਕਾਲਾ ॥
ਮਨ ਬਾਂਛਤ ਫਲ ਪਾਵੈ ਸੋਈ ॥
ਦੂਖ ਨ ਤਿਸੈ ਬਿਆਪਤ ਕੋਈ ॥੪੦੩॥
॥ ਅੜਿੱਲ ॥ ਸੁਨੈ ਗੂੰਗ ਜੋ ਯਾਹਿ ਸੁ ਰਸਨਾ ਪਾਵਈ ॥
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥
ਹੋ ਜੋ ਯਾਕੀ ਇਕ ਬਾਰ ਚੌਪਈ ਕੋ ਕਹੈ ॥੪੦੪॥

(ਚਰਿਤ੍ਰ ਚਾਰ ਸੌ ਪੰਜਵਾਂ ਪੰਨਾ 1388)

ਏਹ ਚੌਪਈ ਤੇ ਅੜਿੱਲ ਸ਼ੁਰੂ ਤੋਂ ਹੀ ਰਹਰਾਸਿ ਦੇ ਵਕਤ ਵੀ ਪੜ੍ਹੇ ਜਾਂਦੇ ਸਨ ਤੇ ਅੰਮ੍ਰਿਤ ਪ੍ਰਚਾਰ ਵੇਲੇ ਵੀ ਪੜ੍ਹੇ ਜਾਂਦੇ ਸਨ। ਮੈਂ ਜਦ ਅੰਮ੍ਰਿਤ ਪਾਨ ਕੀਤਾ ਤਦ ਸੰਤ ਅਤਰ ਸਿੰਘ ਜੀ ਦਾ ਜੱਥਾ ਸੀ ਤੇ ਸੰਤ ਜੀ ਆਪ ਪੰਜਾਂ ਪਿਆਰਿਆਂ ਦੇ ਜਥੇਦਾਰ ਸਨ। ਉਨ੍ਹਾਂ ਦਿਨਾਂ ਵਿਚ ਸਾਰੀ ਚੌਪਈ ਪੜ੍ਹੀ ਜਾਂਦੀ ਸੀ ਤੇ ਅੜਿੱਲ ਵੀ। ਹਰ ਗੁਰਦੁਆਰੇ ਵਿਚ ਰਹਰਾਸਿ ਦੇ ਪਾਠ ਵੇਲੇ ਪੂਰੀ ਚੌਪਈ ਤੇ ਅੜਿੱਲ ਦਾ ਪਾਠ ਹੁੰਦਾ ਸੀ ਤੇ ਇਹੀ ਰੀਤ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਭਾਈ ਮਨੀ ਸਿੰਘ ਜੀ ਨੇ ਚਲਾਈ। ਮਲੂਮ ਹੁੰਦਾ ਹੈ ਕਿ ਜਦ ਬਾਬੂ ਜੀ ਨੇ ਇਹ ਬੰਦ ਪੜ੍ਹੇ—"ਕ੍ਰਿਪਾ ਕਰੀ ਹਮ ਪਰ ਜਗ ਮਾਤਾ" ਤਦ ਉਨ੍ਹਾਂ ਦੇ ਸਾਹਮਣੇ ਕੋਈ ਦੇਵੀ ਜਾਂ ਦੁਰਗਾ ਆ ਗਈ। ਤਦ



Digitized by Panjab Digital Library | www.panjabdigilib.org

ਉਹ ਘਬਰਾ ਗਏ ਕਿ ਦੇਵੀ ਜਾਂ ਦੁਰਗਾ ਦਾ ਇਥੇ ਕੀ ਕੰਮ।" ਸੋ ਉਨ੍ਹਾਂ ਨੇ ਫੈਸਲਾ ਕੀਤਾ ਕਿ ਇਹ ਪਾਠ ਕਰਨਾ ਹੀ ਨਹੀਂ ਚਾਹੀਦਾ। ਜੇ ਉਹ ਦਸਮ ਪਾਤਸ਼ਾਹ ਪਾਸੋਂ ਹੀ ਪੁੱਛ ਲੈਂਦੇ ਤਦ ਉਨ੍ਹਾਂ ਨੂੰ ਪਤਾ ਲੱਗਦਾ ਕਿ ਜਗਮਾਤਾ ਕੌਣ ਹੈ।

ਗੁਰੂ ਮਹਾਰਾਜ ਨੇ ਜਗ ਮਾਤਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥ (ਪੰਨਾ 39)

ਕੀ ਜਗ ਕਾਰਣ ਤੇ ਸ੍ਰਿਸਟ ਉਬਾਰਣ ਵਾਲੀ ਜਗ ਮਾਤਾ ਹੀ?

ਗੁਰੂ ਮਹਾਰਾਜ ਨੇ ਹਰ ਜਗ੍ਹਾ ਤੇਗ ਦੀ ਉਸਤਤੀ ਕੀਤੀ ਹੈ। ਇਸੇ ਚੌਪਈ ਹੇਠਾਂ ਅਸਿਧੁਜ ਵੀ ਵਰਤਿਆ ਹੈ।

ਕਈ ਜਗ੍ਹਾ ਸ਼ੁਰੂ ਵਿਚ ਸ਼ਸਤ੍ਰਾਂ ਦੀ ਉਸਤਤੀ ਕੀਤੀ ਹੈ:

ਖੰਡਾ ਪ੍ਰਿਥਮੈ ਸਾਜਿ ਕੈ, ਜਿਨਿ ਸਭ ਸੈਸਾਰੁ ਉਪਾਇਆ ॥ (ਪੰਨਾ 119)

੨. ਸਿੰਘ ਜਾਪ ਸਾਹਿਬ ਦਾ ਪਾਠ ਰੋਜ਼ ਕਰਦੇ ਹੈਨ। ਇਸ ਵਿਚ:

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥ (ਜਾਪੁ, 3)

ਕੀ ਲੋਕ ਮਾਤਾ ਤੇ ਜਗ ਮਾਤਾ ਵਿਚ ਕੋਈ ਫਰਕ ਹੈ। ਪਰ ਜਿਨ੍ਹਾਂ ਨੇ ਨਾਹ ਮਾਨੂੰ ਨਾਹ ਮਾਨੂੰ ਦੀ ਰਟ ਲਗਾਈ ਹੋਵੇ ਉਨ੍ਹਾਂ ਦੀ ਤਸੱਲੀ ਮੁਸ਼ਕਲ ਹੈ।

੩. ਗੁਰੂ ਮਹਾਰਾਜ ਨੇ ਸ਼ਸਤ੍ਰ ਨਾਮ ਮਾਲਾ ਲਿਖੀ ਤੇ ਨਾਲ ਹੀ ਕਿਰਪਾਨ ਦੇ ਕਈ ਨਾਮ ਲਿਖੇ ਜਿਸ ਦਾ ਪਹਿਲਾ ਬੰਦ ਇਸ ਤਰ੍ਹਾਂ ਹੈ।

ਕਵਚ ਸਬਦ ਪ੍ਰਿਥਮੈ ਕਹੋ ਅੰਤ ਸਬਦ ਅਰਿ ਦੇਹੁ ॥
ਸਭ ਹੀ ਨਾਮ ਕ੍ਰਿਪਾਨ ਕੇ ਜਾਨ ਚਤੁਰ ਜੀਅ ਲੇਹੁ ॥੨੮॥ (ਪੰਨਾ 718)

ਅਗੇ–ਸਿੰਘ ਸਬਦ ਭਾਖੋ ਪ੍ਰਥਮ ਬਾਹਨ ਬਹੁਰ ਉਚਾਰਿ ॥
ਸਭੈ ਨਾਮ ਜਗ ਮਾਤ ਕੇ ਲੀਜਹੁ ਸੁ ਕਬਿ ਸੁਧਾਰਿ ॥੩੨॥ (ਪੰਨਾ 719)

ਕੀ ਹੁਣ ਵੀ ਕੋਈ ਕਸਰ ਬਾਕੀ ਹੈ? ਪਤਾ ਨਹੀਂ ਸ਼ਰੋਮਣੀ ਕਮੇਟੀ ਆਪਣਾ ਹੱਠ ਕੱਦ ਛੱਡੇਗੀ।

ਹੁਣ ਕਈ ਸੱਜਣ ਇਹ ਇਤਰਾਜ਼ ਕਰਦੇ ਹੈਨ ਕਿ ਇਸ ਵਿਚ ਗ੍ਰੰਥ ਦਾ ਜ਼ਿਕਰ



Digitized by Panjab Digital Library | www.panjabdigilib.org

ਆਇਆ ਹੈ। ਜਦ ਅਸੀਂ ਉਹ ਗ੍ਰੰਥ ਨਹੀਂ ਪੜ੍ਹਦੇ ਤਦ ਉਸ ਦਾ ਜ਼ਿਕਰ ਕਿਉਂ ਕੀਤਾ ਜਾਵੇ। ਬਹੁਤਿਆ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਉਹ ਗ੍ਰੰਥ ਕੇਹੜਾ ਹੈ,ਜਿਸ ਦਾ ਜ਼ਿਕਰ ਕੀਤਾ ਹੈ। ਉਹ ਗ੍ਰੰਥ ਜਿਸ ਦੇ ਅੰਤ ਵਿਚ ਇਹ ਚੌਪਈ ਹੈ ਉਹ ਗ੍ਰੰਥ ਚਰਿਤ੍ਰੋ ਪਾਖਯਾਨ ਹੈ।

ਹੁਣ ਸੋਚਣ ਵਾਲੀ ਗੱਲ ਕਿ ਅਸੀਂ ਰੋਜ਼ ਅਰਦਾਸ ਕਰਦੇ ਹਾਂ। ੧ ਓ ਵਾਹਿਗੁਰੂ ਜੀ ਕੀ ਫਤੇ॥ ਸ੍ਰੀ ਭਗਉਤੀ ਜੀ ਸਹਾਇ॥ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ਦਸਵੀਂ॥ ਇਸ ਤੋਂ ਮੰਗਲਾ ਚਰਣ ਹੈ। "ਪ੍ਰਿਥਮ ਭਗੌਤੀ ਸਿਮਰਿ ਕੈ" ਨੌ ਪਾਤਸ਼ਾਹੀਆਂ ਨੂੰ ਨਮਸਕਾਰ ਕਰਦੇ ਹਾਂ। ਇਹ ਵਾਰ ਸ੍ਰੀ ਭਗਉਤੀ ਉਤੇ ਹੈ। ਪਰ ਸਾਰੀ ਵਾਰ ਭਗਉਤੀ ਜੀ ਕੀ ਨਹੀਂ ਪੜ੍ਹਦੇ ਸਿਰਫ਼ ਮੰਗਲਾਚਰਣ ਹੀ ਪੜ੍ਹਦੇ ਹਨ ਤੇ ਅਰਦਾਸ ਵਿਚ ਨੌਂ ਪਾਤਸ਼ਾਹੀਆਂ ਦਾ ਜ਼ਿਕਰ ਕਰਦੇ ਹਾਂ ਤੇ ਅੱਗੇ ਦਸਵੀਂ ਪਾਤਸ਼ਾਹੀ ਤੇ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਨਮਸਕਾਰ ਕਰਦੇ ਹਾਂ, ਇਸ ਲਈ ਜ਼ਰੂਰੀ ਨਹੀਂ ਕਿ ਉਹ ਗ੍ਰੰਥ ਵੀ ਪੜ੍ਹਿਆ ਜਾਵੇ ਜਿਸ ਦਾ ਜ਼ਿਕਰ ਉੱਤੇ ਆਇਆ ਹੈ।

ਕੁਝ ਚਿਰ ਹੋਇਆ ਇੱਥੇ ਇਕ ਸਤਿਕਾਰ ਯੋਗ ਪਦਵੀ ਸਿੰਘ ਸਾਹਿਬ ਆਏ। ਉਨ੍ਹਾਂ ਨਾਲ ਕਈ ਦਿਨ ਕਈ ਧਾਰਮਿਕ ਮਾਮਲਿਆਂ ਤੇ ਵਿਚਾਰ ਹੁੰਦੀ ਰਹੀ। ਚੌਪਈ ਬਾਬਤ ਉਨ੍ਹਾਂ ਨੇ ਕਿਹਾ ਸੀ ਕਿ ਸ੍ਰੀ ਅਨੰਦਪੁਰ ਸਾਹਿਬ ਵਿਚ ਇਹ ਗੱਲ ਸੀਨਾ-ਬਸੀਨਾ ਚਲੀ ਆ ਰਹੀ ਹੈ ਕਿ ਦਸਮ ਪਾਤਸ਼ਾਹ ਨੇ ਅੰਮ੍ਰਿਤ ਛਕਾਉਣ ਵੇਲੇ ਸਾਰੀ ਚੌਪਈ ਦਾ ਪਾਠ ਕੀਤਾ ਸੀ ਤੇ ਆਖਰੀ ਤੁਕਾਂ ਛੱਡ ਦਿੱਤੀਆਂ ਸਨ।

ਸੰਮਤ 1766 ਦੇ ਅਖ਼ੀਰ ਵਿਚ ਗੁਰੂ ਮਹਾਰਾਜ ਨੂੰ ਸ੍ਰੀ ਅਨੰਦਪੁਰ ਛੱਡਣਾ ਪਿਆ ਮੁਗਲ ਫੌਜ ਨੇ ਸਾਰੇ ਕਿਲ੍ਹੇ ਤੇ ਹੋਰ ਅਸਥਾਨ ਢਾਹ ਢੇਰੀ ਕਰਕੇ ਬਰਬਾਦ ਕਰ ਦਿੱਤੇ ਤੇ ਕੁਝ ਗੁਰ ਅਸਥਾਨ ਪਿੰਡ ਵਿਚ ਰਹਿ ਗਏ। ਜਿਨ੍ਹਾਂ ਦੀ ਸੇਵਾ ਪਿੱਛੋਂ ਇਕ ਉਦਾਸੀ ਸਾਧੂ ਗੁਲਾਬ ਰਾਏ ਨੇ ਸੇਵਾ ਸੰਭਾਲ ਲਈ ਤੇ ਸਫ਼ਾਈ ਤੇ ਰਾਤ ਨੂੰ ਦੀਵੇ (ਜੋਤ) ਦੀ ਸੇਵਾ ਵੀ ਕਰਦਾ ਰਿਹਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਾਖੋਵਾਲ ਲੋਧੀਪੁਰ, ਮੋਟਰ ਤੇ ਚੱਕ ਸੋਹੇਣਾ ਪੰਜਾਂ ਪਿੰਡਾਂ ਦੀ ਜ਼ਮੀਨ ਕਾਹਲੂਰ ਦੇ ਰਾਜੇ ਭੀਮ ਚੰਦ ਪਾਸੋਂ ਸੱਤਰ ਹਜ਼ਾਰ ਵਿਚ ਖਰੀਦ ਕੇ ਸ੍ਰੀ ਅਨੰਦਪੁਰ ਸਾਹਿਬ ਵਸਾਇਆ ਸੀ ਤੇ ਗੁਰੂ ਮਹਾਰਾਜ ਦੀ ਕੋਈ ਸੰਭਾਲ ਨਾ ਰਹੀ ਤਦ ਉਨ੍ਹਾਂ ਦੇ ਸ਼ਰੀਕ ਧੀਰਮਲੀਆਂ ਨੇ ਆਪਣੀ ਮਲਕੀਅਤ ਸਮਝ ਕੇ ਸੋਢੀ ਗੁਲਾਬ ਰਾਏ ਆਪਣੇ ਸਾਥੀਆਂ ਸਮੇਤ ਉਥੇ ਪੁੱਜ ਗਿਆ ਤੇ ਆਪਣੇ



Digitized by Panjab Digital Library | www.panjabdigilib.org

ਆਪ ਨੂੰ 11ਵਾਂ ਗੁਰੂ ਅਖਵਾ ਕੇ ਕਲਗੀ ਜਿਗ੍ਹਾ ਸਜਾ ਕੇ ਦੀਵਾਨ ਲਾਣੇ ਸ਼ੁਰੂ ਕੀਤੇ ਤੇ ਉਸ ਦੇ ਮਸੰਦ ਉਸ ਦੀ ਮਰਜ਼ੀ ਮੁਤਾਬਿਕ ਗੁਰਦਵਾਰਿਆਂ ਦੀ ਸੇਵਾ ਕਰਦੇ ਰਹੇ। ਉਸ ਨੇ ਅੰਮ੍ਰਿਤ ਦੀ ਜਗ੍ਹਾ ਚਰਨ ਪਾਹੁਲ ਸ਼ੁਰੂ ਕੀਤੀ। ਉਦਾਸੀ ਬਾਬੂ 'ਗੁਲਾਬ ਰਾਏ' ਨੇ ਇਸ ਨੂੰ ਬੁਰਾ ਮਨਾਇਆ ਕਿ ਤੂੰ ਗੁਰੂ ਮਹਾਰਾਜ ਦੀ ਬਰਾਬਰੀ ਨਹੀਂ ਕਰ ਸਕਦਾ। ਜਿਸ ਉੱਤੇ ਉਸ ਦੇ ਸਾਥੀਆਂ ਨੇ ਉਦਾਸੀ ਸਾਧੂ ਨੂੰ ਧੱਕੇ ਮਾਰਕੇ ਅਨੰਦਪੁਰ ਤੋਂ ਕੱਢ ਦਿੱਤਾ। ਉਸ ਸਾਧੂ ਨੇ ਉਸ ਨੂੰ ਸਰਾਪ ਦਿੱਤਾ ਕਿ ਤੂੰ ਗੁਰੂ-ਘਰ ਦਾ ਅਪਮਾਨ ਕੀਤਾ ਹੈ, ਤੇਰਾ ਕੁਝ ਵੀ ਨਹੀਂ ਰਹਿਣਾ। ਉਸ ਦੇ ਚਾਰ ਪੁੱਤਰ ਸਨ ਜੋ ਉਸ ਦੇ ਸਾਹਮਣੇ ਹੀ ਮਰ ਗਏ, ਕੁਝ ਚਿਰ ਬਾਅਦ ਉਹ ਆਪ ਵੀ ਮਰ ਗਿਆ। ਇਸ ਦੇ ਬਾਅਦ ਉਸ ਦੇ ਭਾਈ ਆਏ ਅਤੇ ਉਹ ਉਥੋਂ ਦੇ ਮਾਲਕ ਹੀ ਸਮਝਦੇ ਸਨ ਤੇ ਮਸੰਦ ਮਨਮਾਨੀ ਹੀ ਕਰਦੇ ਸਨ। ਉਨ੍ਹਾਂ ਨੂੰ ਖੰਡੇ ਦੇ ਅੰਮ੍ਰਿਤ ਦਾ ਪਤਾ ਹੀ ਨਹੀਂ ਸੀ। ਜਦ ਅੰਗਰੇਜ਼ਾਂ ਦਾ ਰਾਜ ਹੋਇਆ ਤਦ ਉਥੇ ਟਿੱਕਾ ਰਾਮ ਨਰਾਇਣ ਸਿੰਘ ਸੋਢੀ ਸੀ ਉਸ ਵੇਲੇ ਵੀ ਗੁਰਦਵਾਰਿਆਂ ਦੇ ਪ੍ਰਬੰਧ ਖਰਾਬ ਸਨ ਤੇ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦੀ ਹਾਲਤ ਵੀ ਖਰਾਬ ਸੀ। ਅੰਗਰੇਜ਼ਾਂ ਨੇ ਟਿੱਕਾ ਰਾਮ ਨਰਾਇਣ ਸਿੰਘ ਨੂੰ Honour Magistrate ਵੀ ਬਣਾ ਦਿੱਤਾ ਸੀ। ਇਹ ਸਮਝ ਨਹੀਂ ਆਉਂਦੀ ਕਿ ਇਹ ਸੀਨਾ-ਬਸੀਨਾ ਗੱਲ ਉਨ੍ਹਾਂ ਖੰਡਰਾਂ ਤੇ ਪੱਥਰਾਂ ਦੀ ਮਾਰਫਤ 200 ਸਾਲ ਬਾਅਦ ਆਈ ਹੈ। ਸਿੰਘ ਸਾਹਿਬ ਦੇ ਵਿਚਾਰਾਂ ਤੋਂ ਇਹ ਵੀ ਅਨੁਮਾਨ ਲਗਾਇਆ ਕਿ ਉਹ ਇਸ ਗੱਲ ਤੇ ਪੱਕਾ ਵਿਸ਼ਵਾਸ ਨਹੀਂ ਕਰਦੇ ਕਿ ਦਸਮ ਪਾਤਸ਼ਾਹ ਨੇ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ। ਪਤਾ ਨਹੀਂ ਉਨ੍ਹਾਂ ਨੂੰ ਇਹ ਉੱਚ ਪਦਵੀ ਤੇ ਕਿਉਂ ਸੁਸ਼ੋਭਤ ਕੀਤਾ ਗਿਆ।

ਖਾਲਸੇ ਵਿਚ ਅੰਮ੍ਰਿਤ ਪ੍ਰਚਾਰ* ਦੀ ਰਸਮ ਸਭ ਤੋਂ ਵੱਧ ਮਹੱਤਵ ਪੂਰਨ ਹੈ। ਜਿਸ ਦੇ ਬਗੈਰ ਕੋਈ ਖਾਲਸਾ ਨਹੀਂ ਹੋ ਸਕਦਾ। ਪਰ ਜਿਥੋਂ ਤਕ ਮਾਲੂਮ ਹੁੰਦਾ ਹੈ ਕਿ ਵੱਖੋ ਵੱਖ ਤਰੀਕੇ ਅੰਮ੍ਰਿਤ ਪ੍ਰਚਾਰ ਦੇ ਹਨ।

---

*ਭਾਈ ਮਨੀ ਸਿੰਘ ਜੀ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਤੇ ਉਨ੍ਹਾਂ ਦੇ ਸਮੇਂ ਬਹੁਤ ਸਿੰਘ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋ ਗਏ। ਤੇ ਭਾਈ ਮਨੀ ਸਿੰਘ ਜੀ ਤੇ ਹੋਰ ਜਥੇਦਾਰਾਂ ਨੇ ਵੀ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤ ਪ੍ਰਚਾਰ ਕੀਤਾ। ਭਾਈ ਮਨੀ ਸਿੰਘ ਵੇਲੇ ਅਕਾਲ ਤਖਤ ਤੇ ਅੰਮ੍ਰਿਤ ਛਕਾਉਣ ਦੀ ਲਹਿਰ ਚਲਾਈ, ਜੋ ਅਕਾਲੀ ਕਬਜ਼ੇ ਤਕ ਜਾਰੀ ਰਹੀ ਤੇ ਚੌਪਈ ਪੂਰੀ ਪੜ੍ਹੀ ਜਾਂਦੀ ਰਹੀ।



Digitized by Panjab Digital Library | www.panjabdigilib.org

1–ਚੌਪਈ ਪੂਰੀ ਨਹੀਂ ਪੜ੍ਹੀ ਜਾਂਦੀ ਅਖ਼ੀਰੀ ਬੰਦ ਛੱਡ ਦਿੱਤੇ ਜਾਂਦੇ ਹਨ। ਅਨੰਦ ਸਾਹਿਬ ਦੀਆਂ ਪੰਜ ਪੌੜੀਆਂ ਤੇ ਆਖਰੀ ਪੌੜੀ ਪੜ੍ਹੀ ਜਾਂਦੀ ਹੈ। ਬਾਕੀ ਤਿੰਨ ਬਾਣੀਆਂ ਜਪੁ ਜੀ, ਜਾਪੁ ਸਾਹਿਬ ਤੇ 10 ਸਵੱਈਆਂ ਦਾ ਪਾਠ ਹੁੰਦਾ ਹੈ।

2–ਚੌਪਈ ਪੂਰੀ ਪੜ੍ਹੀ ਜਾਂਦੀ ਹੈ ਪਰ ਅੜਿੱਲ ਨਹੀਂ ਪੜ੍ਹਦੇ ਤੇ ਅਨੰਦ ਸਾਹਿਬ ਦਾ ਪੂਰਾ ਪਾਠ ਹੁੰਦਾ ਹੈ ਪਰ ਇਹ ਰਹਰਾਸਿ ਵੇਲੇ ਚੌਪਈ ਨਾਲ ਅੜਿੱਲ ਦਾ ਪਾਠ ਕਰਦੇ ਹਨ। ਬਾਕੀ ਤਿੰਨ ਬਾਣੀਆਂ ਦਾ ਪਾਠ ਹੁੰਦਾ ਹੈ।

3–ਚੌਪਈ ਪੂਰੀ ਤੇ ਅੜਿੱਲ ਦਾ ਵੀ ਪਾਠ ਹੁੰਦਾ ਹੈ। ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪੌੜੀਆਂ ਤੇ ਅਖੀਰਲੀ ਪੌੜੀ ਦਾ ਪਾਠ ਹੁੰਦਾ ਹੈ। ਇਹ ਦੋਵੇਂ ਬਾਕੀ ਤਿੰਨ ਬਾਣੀਆਂ ਦਾ ਪਾਠ ਉਸੇ ਤਰ੍ਹਾਂ ਕਰਦੀਆਂ ਹਨ।

ਇਸ ਦੇ ਵੱਖ-ਵੱਖ ਹੋਰ ਵੀ ਭੇਦ ਹਨ। ਕੋਈ ਚੌਪਈ ਤੋਂ ਪਹਿਲਾਂ ਹੋਰ ਪਾਠ ਵੀ ਕਰਦੇ ਹਨ, ਜੋ ਚੌਪਈ ਤੋਂ ਪਹਿਲਾਂ ਹੈ ਰਹਰਾਸਿ ਵੇਲੇ ਚੌਪਈ ਦੇ ਬਾਅਦ ਦਸਮ-ਗ੍ਰੰਥ ਵਿੱਚੋਂ ਹੋਰ ਦੋਹਿਰੇ ਤੇ ਸਵੱਈਏ ਦਾ ਪਾਠ ਵੀ ਕਰਦੇ ਹਨ। ਜਿਸ ਤਰ੍ਹਾਂ ਭਾਈ ਮਨੀ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਚ ਰੀਤ ਸ਼ੁਰੂ ਕੀਤੀ ਤੇ ਅਕਾਲੀ ਕਬਜ਼ੇ ਤਕ ਜਾਰੀ ਰਹੀ।

ਜਿਸ ਤਰ੍ਹਾਂ ਪਹਿਲਾਂ ਲਿਖਿਆ ਹੈ ਕਿ ਬਾਬੂ ਤੇਜਾ ਸਿੰਘ ਜੀ ਨੇ ਚੌਪਈ ਦੇ ਆਖਰੀ ਬੰਦ ਪੜ੍ਹਨੇ ਬੰਦ ਕੀਤੇ। ਪਰ ਬਾਕੀ ਚੌਪਈ ਪੜ੍ਹੀ ਜਾਂਦੀ ਰਹੀ। ਉਨ੍ਹਾਂ ਨੇ ਦਸਮ-ਗ੍ਰੰਥ ਤੇ ਹੋਰ ਵੀ ਕਈ ਸ਼ੰਕੇ ਕੀਤੇ ਅਤੇ ਅਦਲਾ-ਬਦਲੀ ਵੀ ਕੀਤੀ। ਉਨ੍ਹਾਂ ਦੇ ਬਾਅਦ ਇਕ ਗਿਆਨੀ ਜੀ ਅੰਬਾਲੇ ਦੇ, ਬਾਬੂ ਜੀ ਮਗਰ ਚਲਦੇ ਰਹੇ। ਉਨ੍ਹਾਂ ਨੇ ਵੀ ਕਈ ਨਵੇਂ ਸ਼ੰਕੇ ਕਰਨੇ ਸ਼ੁਰੂ ਕਰ ਦਿੱਤੇ ਕਿ ਦਸਮ-ਗ੍ਰੰਥ ਦੇ ਬਹੁਤ ਹਿੱਸੇ ਦਸਮ-ਪਾਤਸ਼ਾਹ* ਨੇ ਨਹੀਂ ਲਿਖੇ, ਕਿਸੇ ਕਵੀ ਦੇ ਹਨ। ਉਨ੍ਹਾਂ ਦੇ ਬਾਅਦ ਇਕ ਨਵੇਂ ਗਿਆਨੀ ਭਾਗ ਸਿੰਘ ਨੇ ਸਾਰੀ ਚੌਪਈ ਅਤੇ ਅਰਦਾਸ ਤੇ ਵੀ ਕਿੰਤੂ ਕੀਤਾ ਤੇ ਇਹ ਪ੍ਰਚਾਰ ਕੀਤਾ ਕਿ ਅਰਦਾਸ ਵੀ ਦਸਵੀਂ ਪਾਤਸ਼ਾਹੀ ਦੀ ਨਹੀਂ ਲਿਖੀ, ਇਸ ਉੱਤੇ ਕਿਸੇ ਨੇ ਐਵੇਂ ਦਸਮ-ਪਾਤਸ਼ਾਹੀ ਲਿਖ ਦਿੱਤਾ ਹੈ ਕਿ ਭਾਵੇਂ ਉਹ ਇਹ ਕਹਿੰਦੇ ਹਨ ਕਿ ਭਗੌਤੀ ਦੇ ਅਰਥ ਦੁਰਗਾ ਦੇ ਹਨ। ਜਦ ਗੁਰੂ ਮਹਾਰਾਜ ਦੁਰਗਾ ਨੂੰ ਨਹੀਂ ਮੰਨਦੇ ਸਨ ਤੇ

*ਇਹ ਗ੍ਰੰਥ ਮੈਂ ਆਪ ਨਹੀਂ ਪੜ੍ਹਿਆ ਪਰ ਖਾਲਸਾ ਸਮਾਚਾਰ ਦੇ ਲੇਖਾਂ ਤੋਂ ਅੰਦਾਜ਼ਾ ਲਗਾਈਆ ਹੈ।



Digitized by Panjab Digital Library | www.panjabdigilib.org

ਉਹ ਭਗੌਤੀ ਨਹੀਂ ਲਿਖ ਸਕਦੇ ਸਨ ਭਾਵੇਂ ਉਹ ਮੰਨਦੇ ਹਨ ਕਿ ਭਗੌਤੀ ਦੇ ਅਰਥ ਤਲਵਾਰ ਦੇ ਵੀ ਹਨ। ਦਸਮ ਗ੍ਰੰਥ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ। ਉਹ ਦਸਮ ਪਾਤਸ਼ਾਹ ਦੇ ਹਮੇਸ਼ਾ ਨਾਲ ਰਹੇ ਤੇ ਗੁਰੂ ਮਹਾਰਾਜ ਨੇ ਉਨ੍ਹਾਂ ਪਾਸੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਵਿਚ ਨੌਵੀਂ ਪਾਤਸ਼ਾਹੀ ਦੇ ਸ਼ਬਦ ਵਧਾਏ ਤੇ ਦਮਦਮੀ ਬੀੜ ਆਖੀ ਜਾਂਦੀ ਹੈ—ਲਿਖਵਾਈ ਤੇ ਭਾਈ ਮਨੀ ਸਿੰਘ ਜੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਕਿਹੜੀ ਬਾਣੀ ਗੁਰੂ ਮਹਾਰਾਜ ਨੇ ਆਪ ਉਚਾਰੀ ਹੈ ਜਾਂ ਉਨ੍ਹਾਂ ਨੇ ਖ਼ੁਦ ਕਿਸੇ ਗ੍ਰੰਥ ਦਾ ਉਲਥਾ ਕੀਤਾ ਹੈ। ਸਿਰਫ ਉਹ ਹੀ ਦਸਮ ਗ੍ਰੰਥ ਵਿਚ ਦਰਜ ਕੀਤੀ ਅਤੇ ਉਨ੍ਹਾਂ ਨੇ ਹੀ ਅਰਦਾਸ ਵਿਚ ਪਾਤਸ਼ਾਹੀ ਦਸਵੀਂ ਲਿਖਿਆ। ਗੁਰੂ ਮਹਾਰਾਜ ਨੇ ਸਿਰਫ ਨੌਂ ਪਾਤਿਸ਼ਾਹੀਆਂ ਨੂੰ ਹੀ ਨਮਸਕਾਰ ਕੀਤਾ ਹੈ। ਭਾਵੇਂ ਉਹ ਆਪ ਵੀ ਦਸਵੇਂ ਨਾਨਕ ਸਨ। ਪਰ ਆਪ ਦਾ ਨਾਮ ਨਹੀਂ ਲਿਆ। ਜੇ ਇਹ ਕਿਸੇ ਕਵੀ ਦੀ ਹੁੰਦੀ ਤਦ ਉਹ ਦਸਾਂ ਪਾਤਸ਼ਾਹੀਆਂ ਦਾ ਨਾਮ ਲੈਂਦਾ। ਗੁਰੂ ਮਹਾਰਾਜ ਨੇ ਜਦ ਵੀ ਕੋਈ ਬਾਣੀ ਉੱਚਰੀ ਸਭ ਤੋਂ ਪਹਿਲਾਂ ਤੇਗ ਜਾਂ ਪ੍ਰਮਾਤਮਾ ਦੀ ਸ਼ਕਤੀ ਨੂੰ ਹੀ ਨਮਸਕਾਰ ਕੀਤੀ। ਇਸ ਬਾਬਤ ਮੈਂ ਅੱਗੇ ਜਾ ਕੇ ਹੋਰ ਚਾਨਣਾ ਪਾਵਾਂਗਾ।

ਗਿਆਨੀ ਜੀ ਚੌਪਈ ਨੂੰ ਵੀ ਨਹੀਂ ਮੰਨਦੇ ਜਦ ਕਿ ਇਹ ਅੰਮ੍ਰਿਤ ਛਕਾਉਣ ਵੇਲੇ ਜ਼ਰੂਰੀ ਪੜ੍ਹੀ ਜਾਂਦੀ ਹੈ ਤੇ ਗੁਰੂ ਮਹਾਰਾਜ ਦੇ ਵੇਲੇ ਤੋਂ ਇਹ ਪੰਜ ਬਾਣੀਆਂ ਦੇ ਵਿੱਚੋਂ ਹੈ। ਜੋ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਆਂ ਜਾਂਦੀਆਂ ਹਨ ਅਤੇ ਹਰ ਸਿੱਖ ਨੂੰ ਹਰ ਰੋਜ਼ ਇਨ੍ਹਾਂ ਬਾਣੀਆਂ ਦਾ ਪਾਠ ਜ਼ਰੂਰੀ ਹੈ। ਬਾਅਦ ਵਿਚ ਖਾਲਸੇ ਨੇ ਦਸਵੀਂ ਪਾਤਸ਼ਾਹੀ ਦਾ ਨਾਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਸ਼ਾਮਲ ਕੀਤਾ। ਜੋ ਦਸਾਂ ਗੁਰੂਆਂ ਦੀ ਪ੍ਰਤੱਖ ਦੇਹ ਹੈ ਅਤੇ ਦਸ-ਪਾਤਸ਼ਾਹੀਆਂ ਦੇ ਬਾਅਦ ਕੋਈ ਦੇਹ-ਧਾਰੀ ਗੁਰੂ ਨਹੀਂ ਮੰਨਿਆ ਜਾਂਦਾ। ਇਤਿਹਾਸ ਦੱਸਦਾ ਹੈ ਕਿ ਮਾਤਾ ਸੁੰਦਰੀ ਜੀ ਨੇ ਇਕ ਬਾਲਕ ਨੂੰ ਪਾਲਿਆ, ਜਿਸ ਦਾ ਨਾਮ ਅਜੀਤ ਸਿੰਘ ਸੀ। ਜਦ ਉਹ ਵੱਡਾ ਹੋਇਆ ਤਦ ਉਹ ਆਪਣੇ ਆਪ ਨੂੰ 11ਵਾਂ ਗੁਰੂ ਅਖਵਾਉਣ ਲੱਗ ਪਿਆ ਤੇ ਕੁਝ ਸੱਜਣ ਉਸ ਦੇ ਕਹਿਣ ਤੇ ਉਸ ਦੇ ਮਗਰ ਲੱਗ ਪਏ। ਮਾਤਾ ਜੀ ਨੇ ਹੁਕਮਨਾਮਾ ਜਾਰੀ ਕੀਤਾ ਕਿ ਦਸ-ਪਾਤਿਸ਼ਾਹੀਆਂ ਦੇ ਬਾਅਦ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣਾ ਚਾਹੀਦਾ ਹੈ। ਹੋਰ ਕੋਈ ਦੇਹ ਧਾਰੀ ਗੁਰੂ ਨਹੀਂ ਬਣ ਸਕਦਾ ਤੇ ਉਸ ਨੂੰ ਛੇਕ ਦਿੱਤਾ ਗਿਆ।

## ਜਪੁ ਜੀ

ਹੁਣ ਇਕ ਨਵੀਂ ਕਿੜ੍ਹ ਜਪੁ ਜੀ ਸਾਹਿਬ ਤੇ ਵੀ ਸ਼ੁਰੂ ਹੋ ਗਈ ਹੈ ਕਿ ਇਸ ਤੇ



Digitized by Panjab Digital Library | www.panjabdigilib.org

ਕੋਈ ਮਹਲਾ ਨਹੀਂ ਦਿੱਤਾ ਹੋਇਆ ਤੇ ਇਹ ਗੁਰੂ ਕ੍ਰਿਤ ਨਹੀਂ। ਇਸ ਦਾ ਜਵਾਬ ਵਿਚ ਇਤਨਾ ਹੀ ਕਹਿਣਾ ਕਾਫੀ ਹੈ ਕਿ ਜਦ ਗੁਰੂ ਅਰਜਨ ਦੇਵ ਜੀ ਨੇ ਇਸ ਬਾਣੀ ਨੂੰ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਤੇ ਦਸਮ ਪਾਤਸ਼ਾਹ ਨੇ ਵੀ ਦਮਦਮੀ ਬੀੜ ਵਿਚ ਲਿਖਿਆ, ਤਦ ਇਸ ਤੇ ਕਿੰਤੂ ਫਜ਼ੂਲ ਹੈ। ਖਾਸ ਕਰਕੇ ਜਦ ਇਹ ਬਾਣੀ ਅੰਮ੍ਰਿਤ ਪ੍ਰਚਾਰ ਲਈ ਪੰਜਾਂ ਬਾਣੀਆਂ ਵਿੱਚੋਂ ਹੈ। ਸਾਰੇ ਸਿੱਖ ਇਹ ਮੰਨਦੇ ਹੈਨ ਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਅੰਗਰੇਜ਼ ਲਿਖਾਰੀਆਂ ਨੇ ਵੀ ਇਸ ਨੂੰ ਸਿੱਖਾਂ ਦੀ Morning Prayer ਕਰਕੇ ਲਿਖਿਆ ਹੈ। ਇਸ ਦੇ ਸੈਂਕੜੇ ਟੀਕੇ ਹੋਏ। ਦੋ ਮੁਸਲਮਾਨਾਂ ਨੇ ਵੀ ਜਪੁਜੀ ਦੇ ਟੀਕੇ ਕੀਤੇ। ਜੋ ਉਰਦੂ ਵਿਚ ਹੈਨ।

ਖਾਨ ਬਹਾਦਰ ਖਵਾਜ਼ਾ ਦਿਲ ਮੁਹੰਮਦ M. A. ਨੇ ਲਿਖਿਆ ਹੈ :—

"ਜਪੁਜੀ ਵੁਹ ਮੁਕਦਸ ਅਰਫਾਨੀ ਔਰ ਰੂਹਾਨੀ ਪਾਕ ਕਲਾਮ ਹੈ, ਜਿਸੇ ਲਾਖੋਂ ਇਨਸਾਨ ਸੁਬਹਾ ਕੇ ਸੁਹਾਨੇ ਵਕਤ ਮੇਂ ਅਪਨੇ ਮਾਲਕ ਕੇ ਹਜ਼ੂਰ ਮੇਂ ਤਵਜੁਹ ਔਰ ਸ਼ੌਕ ਸੇ ਪੜਤੇ ਹੈਂ ਔਰ ਉਸਕੇ ਸਾਹਮਨੇ ਅਪਨੇ ਅਜੂਜ਼ ਕਾ ਇਜ਼ਹਾਰ ਕਰਤੇ ਹੈਨ ਔਰ ਆਬਦ ਔਰ ਮਾਬੂਦ ਕਾ ਰਿਸ਼ਤਾ ਉਸਤਵਾਰ ਕਰਤੇ ਹੈਂ॥"

ਦੂਜਾ ਉਰਦੂ ਦਾ ਟੀਕਾ ਮੈਂ ਜਦ ਸੈਦ ਹਬੀਬ ਅਡੀਟਰ ਰ੍ਰਿਆਸਤ ਦੇ ਨਾਲ ਜੇਲ੍ਹ ਵਿਚ ਰਿਹਾ, ਉਸ ਦਾ ਲਿਖਿਆ ਵੇਖਿਆ ਸੀ? "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਦੇ ਹੇਠਾਂ foot note ਦਿੱਤਾ ਸੀ "ਕਿ ਮੁਸਲਮਾਨ ਸਭ ਹੀ ਮੰਨਦੇ ਹੈਨ" ਇਹ ਪਤਾ ਨਹੀਂ ਕਿ ਛਪਿਆ ਕਿ ਨਹੀਂ। ਬਖਸ਼ੀ ਗੁਰਚਰਨ ਸਿੰਘ ਐਡਵੋਕੇਟ* ਦਿੱਲੀ ਨੇ ਅੰਤਲੇ ਦਿਨਾਂ ਵਿਚ ਪਹਿਲਾਂ ਉਰਦੂ ਵਿਚ ਉਲਥਾ ਕੀਤਾ ਮੁੜ ਗੁਰਮੁਖੀ ਵਿਚ, ਇਹ ਵੀ ਵਾਚਣ ਜੋਗ ਹੈਨ।

ਜਦ ਪੰਜਵੀਂ ਪਾਤਸ਼ਾਹੀ ਨੇ ਗੁਰੂ ਗ੍ਰੰਥ ਸਾਹਿਬ ਦੇ ਲਿਖਣ ਦਾ ਖਿਆਲ ਕੀਤਾ ਤਦ ਉਨ੍ਹਾਂ ਨੇ ਪਹਿਲੀਆਂ ਚਾਰ ਪਾਤਸ਼ਾਹੀਆਂ ਦੀ ਬਾਣੀ ਇਕੱਠੀ ਕਰਨ ਦੀ ਕੋਸ਼ਿਸ਼

---

*ਬਖਸ਼ੀ ਜੀ ਰਾਵਲ ਪਿੰਡੀ ਦੇ ਮਸ਼ਹੂਰ ਵਕੀਲ ਸਨ। ਮੁਲਕ ਦੀ ਵੰਡ ਪਿੱਛੋਂ ਦਿੱਲੀ ਵਿਚ ਆਣ ਟਿਕੇ। ਉਹ ਉਥੋਂ ਦੀਆਂ ਗੁਰਮੁਖ ਹਸਤੀਆਂ ਵਿੱਚੋਂ ਇਕ ਗਿਣੇ ਜਾਂਦੇ ਸਨ ਤੇ ਦਿੱਲੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਵੀ ਰਹੇ ਤੇ ਬੰਗਲਾ ਸਾਹਿਬ ਕਥਾ ਵੀ ਕਰਦੇ ਰਹੇ।



Digitized by Panjab Digital Library | www.panjabdigilib.org

ਕੀਤੀ ਅਤੇ ਆਪ ਜਾ ਕੇ ਬਾਬਾ ਮੋਹਨ ਜੀ ਪਾਸੋਂ ਤੀਜੀ ਪਾਤਸ਼ਾਹੀ ਦੀ ਬਾਣੀ ਤੇ ਹੋਰ ਪੋਥੀਆਂ ਪਾਲਕੀ ਵਿਚ ਲੈ ਕੇ ਆਏ। ਹੋਰ ਬਾਣੀ ਵੀ ਇਕੱਠੀ ਕੀਤੀ। ਬਾਣੀ ਨੂੰ ਰਾਗਾਂ ਵਿਚ ਤਰਤੀਬ ਦੇ ਕੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਅਤੇ ਜਗ੍ਹਾ ਜਗ੍ਹਾ ਤੇ ਨੰਬਰ ਤੇ ਜੋੜ ਦੇ ਦਿੱਤੇ ਕਿ ਕੋਈ ਉਸ ਵਿਚ ਵਾਧਾ ਘਾਟਾ ਨਾ ਕਰ ਸਕੇ। ਉਨ੍ਹਾਂ ਨੇ ਆਪਣੀ ਰਚੀ ਬਾਣੀ ਵੀ ਹਰ ਰਾਗ ਵਿਚ ਜਗ੍ਹਾ ਜਗ੍ਹਾ ਦਰਜ ਕੀਤੀ।

ਉਸ ਵਿਚ ਦਸਵੀਂ ਪਾਤਸ਼ਾਹੀ ਨੇ ਨੌਵੇਂ ਪਾਤਸ਼ਾਹ ਦੇ ਸ਼ਬਦ ਸ਼ਾਮਲ ਕਰਕੇ ਦਮਦਮੀ ਬੀੜ ਤਿਆਰ ਕੀਤੀ, ਜੋ ਭਾਈ ਮਨੀ ਸਿੰਘ ਪਾਸੋਂ ਲਿਖਵਾਈ ਤੇ ਉਸ ਨੂੰ ਗੁਰਗੱਦੀ ਦਿੱਤੀ। ਇਹ ਹੋ ਸਕਦਾ ਹੈ ਕਿ ਕੁਝ ਹੋਰ ਸ਼ਬਦ ਵੀ ਕਿਸੇ ਪਾਤਸ਼ਾਹੀ ਦੇ ਹੋਣ ਜੋ ਦਰਜ ਨ ਹੋਣ ਕਿਹਾ ਜਾਂਦਾ ਹੈ ਕਿ ਗੁਰੂ ਮਹਾਰਾਜ ਨੇ ਪਰਾਣ ਸੰਗਲੀ ਜੋ ਗੁਰੂ ਨਾਨਕ ਦੇਵ ਦੀ ਬਾਣੀ ਕਹੀ ਜਾਂਦੀ ਹੈ, ਮੰਗਵਾਈ ਪਰ ਉਹ ਵੀ ਗੁਰ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈ। ਇਹ ਵੀ ਕਿਹਾ ਜਾਂਦਾ ਹੈ ਕਿ ਤੀਜੀ ਪਾਤਸ਼ਾਹੀ ਦੀ ਬਾਣੀ ਦੀਆਂ ਹੋਰ ਪੋਥੀਆਂ ਹੈਨ ਜੋ ਬਾਵਾ ਪ੍ਰੇਮ ਸਿੰਘ ਹੋਤੀ ਵਾਲਿਆਂ ਦੀ ਸੰਤਾਨ ਪਾਸ ਹੈਨ ਤੇ ਬਾਲੇ ਦੀ ਜਨਮ ਸਾਖੀ ਵਿਚ ਨਾਨਕ ਨਾਮ ਹੇਠ ਬਹੁਤ ਸ਼ਬਦ ਹੈਨ। ਭਾਵੇਂ ਉਹ ਮੇਹਰਬਾਨ ਜੀ ਦੇ ਹੋਣ, ਭਾਵੇਂ ਗੁਰੂ ਮਹਾਰਾਜ ਦੇ ਪਰ ਅਸਾਡੇ ਲਈ ਸਿਰਫ ਉਹ ਪ੍ਰਵਾਨ ਹੈਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈਨ।

ਮੇਹਰਬਾਨ ਜੀ ਦੇ ਸਾਖੀ ਭਾਵੇਂ ਉਹਨਾਂ ਨੂੰ ਛੇਵਾਂ ਗੁਰੂ ਮੰਨਦੇ ਸਨ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਗੁਰੂ ਨਾਨਕ ਦੇਵ ਦੇ ਬੜੇ ਸ਼ਰਧਾਲੂ ਸਨ। ਉਨ੍ਹਾਂ ਨੇ ਗੁਰੂ ਮਹਾਰਾਜ ਦੀ ਜਨਮਸਾਖੀ ਵੀ ਲਿਖੀ ਤੇ ਜਪੁ ਜੀ ਦਾ ਟੀਕਾ ਵੀ ਕੀਤਾ।

ਜਪੁ ਜੀ ਵਿਚ ਸਭ ਤੋਂ ਪਹਿਲਾਂ ਮੂਲ ਮੰਤ੍ਰ ਹੈ ਜੋ ਇਥੇ ਪੂਰਾ ਹੈ। ਇਹ ਮੂਲ ਮੰਤ੍ਰ ਚਾਰ ਸ਼ਕਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਆਇਆ ਹੈ। ਮੂਲ ਮੰਤ੍ਰ ਦੇ ਬਾਅਦ ਜਪੁ ਜੀ ਵਿਚ ਸਲੋਕ ਹੈ। "ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥" ਇਹ ਸ਼ਲੋਕ ਸੁਖਮਨੀ ਦੀ ਸਤਾਰ੍ਹਵੀਂ ਅਸ਼ਟਪਦੀ ਦੇ ਅਰੰਭ ਵਿਚ ਵੀ ਆਇਆ ਹੈ। ਉਸਦੇ ਬਾਅਦ ੩੮ ਪੌੜੀਆਂ ਹੈਨ ਤੇ ਅੰਤ ਵਿਚ ਇਕ ਸ਼ਲੋਕ ਹੈ "ਪਵਣੁ ਗੁਰੂ ਪਾਣੀ ਪਿਤਾ..." ਇਹ ਸ਼ਲੋਕ ਮਾਝ ਦੀ ਵਾਰ ਵਿਚ ਦੂਜੀ ਪਾਤਸ਼ਾਹੀ ਦੇ ਨਾਮ ਹੇਠਾਂ ਵੀ ਹੈ। ਪਰ ਦੋਹਾਂ ਵਿਚ ਕੁਝਕੁ ਫ਼ਰਕ ਹੈ।* ਜਪੁਜੀ ਪੂਰੀ ਬਾਣੀ ਤਦ ਬਣਦੀ ਹੈ ਕਿ ਮੂਲ

*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇੱਕੋ ਪਾਤਸ਼ਾਹੀ ਦੇ ਸ਼ਬਦ ਵੱਖ ਵੱਖ ਜਗ੍ਹਾ ਆਏ ਹੈਨ ਤੇ ਉਨ੍ਹਾਂ ਵਿਚ ਕੁਝ ਭੇਦ ਹੈ। ਜਪੁ ਜੀ ਦਾ ਸੋਦਰੁ ਤੇ ਜਪੁ ਜੀ ਦੇ ਬਾਅਦ ਸੋਦਰੁ (ਰਹਰਾਸਿ) ਤੇ ਆਸਾ ਦੀ ਵਾਰ ਵਿਚ ਜੋ ਸੋਦਰੁ ਹੈ ਸਭ ਵਿਚ ਵੱਧ ਘੱਟ ਫ਼ਰਕ ਹੈ ਤਿੰਨੇਂ ਪਹਿਲੀ ਪਾਤਿਸ਼ਾਹੀ ਦੇ ਹੈਨ—



Digitized by Panjab Digital Library | www.panjabdigilib.org

ਮੰਤ੍ਰ ਸਲੋਕ ਤੇ 38 ਪੌੜੀਆਂ ਤੇ ਅੰਤਲਾ ਸ਼ਲੋਕ ਪੜ੍ਹਿਆ ਜਾਵੇ।

ਸ਼ੁਰੂ ਤੋਂ ਸਿੱਖ ਸੰਗਤਾਂ ਜਪੁਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਕਹਿੰਦੇ ਆਏ ਹਨ ਹੋ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਤੇ 38 ਪੌੜੀਆਂ ਉਚਾਰੀਆਂ ਹੋਣ ਤੇ ਗੁਰੂ ਅਰਜਨ ਦੇਵ ਜੀ ਨੇ ਪਹਿਲਾ ਤੇ ਆਖਰੀ ਸ਼ਲੋਕ ਲਿਖ ਕੇ ਇਸ ਨੂੰ ਪੂਰਾ ਕੀਤਾ ਹੋਵੇ। ਇਨ੍ਹਾਂ ਸ਼ਲੋਕਾਂ ਦੇ ਅੰਕ ੧ ਦੋਵੇਂ ਜਗ੍ਹਾ ਵੱਖਰੇ ਹੈਨ। ਪਹਿਲੀ ਪੌੜੀ ਦੇ ਬਾਅਦ ਫਿਰ ਅੰਕ ੧ ਹੀ ਆਂਵਦਾ ਹੈ। ਇਹ ਤਾਂ ਸਭ ਸਿੱਖ ਮੰਨਦੇ ਹੈਨ ਕਿ ਜਪੁ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਬਾਣੀ ਹੈ। ਸਮੇਂ ਬਾਬਤ ਕੁਝ ਭੇਦ ਹੈ।

ਮੇਹਰਬਾਨ ਜੀ ਕੁਝ ਹੋਰ ਇਸ ਦਾ ਉਚਾਰਨ ਵੇਈਂ ਨਦੀ ਦੇ ਵੇਲੇ ਦਸਦੇ ਹੈਨ। ਬਹੁਤ ਵਿਦਵਾਨ ਇਸ ਦਾ ਉਚਾਰਨ ਕਰਤਾਰਪੁਰ ਦਾ ਸਮਝਦੇ ਹੈਨ।

ਪੰਜਾਬ ਯੂਨੀਵਰਸਿਟੀ ਦੇ ਗੁਰੂ ਨਾਨਕ ਦੇਵ Chair ਤੇ ਅੱਜ ਕਲ੍ਹ ਡਾਕਟਰ ਹਰਨਾਮ ਸਿੰਘ ਜੀ ਸ਼ਸ਼ੋਭਤ ਹੈਨ। ਉਨ੍ਹਾਂ ਨੇ ਬੜੀ ਖੋਜ ਕੀਤੀ ਹੈ ਉਹ ਜਪੁ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਸ਼ਾਹਕਾਰ Master Piece ਮੰਨਦੇ ਹੈਨ ਤੇ ਉਨ੍ਹਾਂ ਦਾ ਖਿਆਲ ਹੈ ਕਿ ਅੰਮ੍ਰਿਤ ਵੇਲੇ ਪਾਠ ਕਰਨ ਲਈ ਕਰਤਾਰਪੁਰ ਵਿਚ ਉਚਾਰੀ।

## ਦਸਮ ਗਰੰਥ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਸਭ ਤੋਂ ਪਹਿਲਾਂ ਇਹ ਦੇਖਣਾ ਹੈ ਕਿ ਦਸਮ ਗ੍ਰੰਥ ਕਦੋਂ ਅਤੇ ਕਿਸ ਤਰ੍ਹਾਂ ਲਿਖਿਆ ਗਿਆ। ਸਭ ਨੂੰ ਪਤਾ ਹੈ ਕਿ 'ਦਸਮ ਪਾਤਸ਼ਾਹ' ਨੇ ਆਪ ਵੀ ਕਾਫੀ ਬਾਣੀ ਰਚੀ ਹੈ ਤੇ ਕੁਝ ਗ੍ਰੰਥਾਂ ਦੇ ਉਲਥਾ ਵੀ ਕੀਤੇ ਹਨ। ਗੁਰੂ ਮਹਾਰਾਜ ਪਾਸ 52 ਕਵੀ ਸਨ, ਉਹਨਾਂ ਦਾ ਕੰਮ ਵੀ ਪੁਰਾਣੇ ਗ੍ਰੰਥਾਂ ਦਾ ਉਲਥਾ ਕਰਨਾ ਸੀ। ਗੁਰੂ ਮਹਾਰਾਜ ਨੇ ਬਹੁਤ ਗ੍ਰੰਥ ਲਿਖੇ ਤੇ ਲਿਖਵਾਏ। ਕਿਹਾ ਜਾਂਦਾ ਹੈ ਕਿ ਜਿਨ੍ਹਾਂ ਦਾ ਭਾਰ ਅੱਠ ਮਣ ਤੋਂ ਵੱਧ ਸੀ। ਪਰ ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਸਮੇਂ ਜਦ ਕਿਲ੍ਹਾ ਛੱਡਣਾ ਪਿਆ ਤਾਂ ਬਹੁਤ ਸਾਰੇ ਗ੍ਰੰਥ ਸਰਸਾ ਨਦੀ ਦੀ ਭੇਟਾ ਹੋਏ ਅਤੇ ਬਾਕੀ ਲੁੱਟ ਮਾਰ ਦਾ ਸ਼ਿਕਾਰ ਹੋਣ ਕਰਕੇ ਨਸ਼ਟ ਕੀਤੇ ਗਏ ਅਤੇ ਸਾੜੇ ਗਏ। ਮਲੂਮ ਹੁੰਦਾ ਹੈ ਕਿ ਮੁਸਲਮਾਨ ਜਰਵਾਣਿਆਂ ਨੂੰ ਪੁਸਤਕਾਂ ਨਾਲ ਵੈਰ ਸੀ। ਕਿਹਾ ਜਾਂਦਾ ਹੈ ਕਿ ਜਦ ਹਜਰਤ ਉਮਰ ਦੇ ਵੇਲੇ ਮਿਸਰ ਤੇ ਚੜ੍ਹਾਈ ਹੋਈ ਤਦ ਉਸ ਵੇਲੇ ਦੀ ਦੁਨੀਆਂ ਵਿਚ ਸਭ ਤੋਂ ਵੱਡੀ ਪੁਸਤਕਾਲਾ 'ਅਸਕੰਦਰੀਆਂ' ਵਿਚ ਸੀ ਕਿ ਜਿਸ ਬਾਬਤ ਇਹ ਹੁਕਮ ਦਿੱਤਾ ਗਿਆ ਕਿ



Digitized by Panjab Digital Library | www.panjabdigilib.org

ਸਭ ਪੁਸਤਕਾਂ ਸਾੜ ਦਿੱਤੀਆਂ ਜਾਣ ਕਾਰਨ ਇਹ ਦੱਸਿਆ ਗਿਆ ਕਿ ਸਭ ਪੁਸਤਕਾਂ ਵਿੱਚੋਂ ਜੋ ਕਿਤਾਬਾਂ 'ਕੁਰਾਨ-ਸ਼ਰੀਫ' ਦੇ ਮੁਤਾਬਕ ਨਹੀਂ ਉਹ ਸਾੜਨ ਜੋਗ ਹਨ ਅਤੇ ਜੋ 'ਕੁਰਾਨ-ਸ਼ਰੀਫ' ਦੇ ਅਨੁਕੂਲ ਹਨ ਉਹ 'ਕੁਰਾਨ-ਸ਼ਰੀਫ' ਦੇ ਹੁੰਦਿਆਂ ਹੋਇਆਂ ਉਹਨਾਂ ਦੀ ਲੋੜ ਨਹੀਂ, ਇਸ ਲਈ ਸਭ ਪੁਸਤਕਾਂ ਸਾੜ ਦਿੱਤੀਆਂ ਗਈਆਂ।

ਸ੍ਰੀ ਅਨੰਦਪੁਰ ਸਾਹਿਬ ਦੀ ਲੁੱਟ ਪਿੱਛੋਂ ਵੀ ਕੁਝ ਸੈਂਚੀਆਂ ਕੁਝ ਸਿੱਖਾਂ ਪਾਸ ਰਹਿ ਗਈਆਂ ਸਨ। ਜਦ ਭਾਈ ਮਨੀ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ। ਉਨ੍ਹਾਂ ਨੇ ਬੜੀ ਕੋਸ਼ਿਸ਼ ਕਰਕੇ ਜਿਥੋਂ ਤਕ ਹੋ ਸਕਿਆ ਦਸਮੇਸ਼ ਪਿਤਾ ਦੀ ਬਾਣੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਸ ਖਿਆਲ ਨਾਲ ਕਿ ਸਿੱਖਾਂ ਤੇ ਬਹੁਤ ਅਤਿਆਚਾਰ ਹੋ ਰਹੇ ਹਨ ਤੇ ਮੁੜ ਇਹ ਬਾਣੀ ਰੁਲ ਨਾ ਜਾਵੇ। ਜਿਤਨੀ ਬਾਣੀ ਮਿਲੀ ਉਤਨੀ ਦਾ ਉਤਾਰਾ ਕੀਤਾ ਅਤੇ ਉਸ ਦਾ ਨਾਮ 'ਦਸਮ-ਗ੍ਰੰਥ'* ਰੱਖਿਆ। ਇਸ ਵਿਚ 'ਦਸਮ-ਪਾਤਸ਼ਾਹ', ਦੀ ਉਚਾਰੀ ਬਾਣੀ ਹੈ ਤੇ ਬਹੁਤ ਸਾਰੇ ਉਲਥੇ ਵੀ ਹਨ। ਭਾਈ ਮਨੀ ਸਿੰਘ ਜੀ ਸ਼ਹੀਦ ਹੋ ਗਏ ਅਤੇ ਸਿੱਖਾਂ ਤੇ ਭਾਰੀ ਔਕੜ ਆਈ, ਉਹ ਜੰਗਲਾਂ ਵਿਚ ਤੇ ਬੀਕਾਨੇਰ ਦੇ ਥਲਾਂ ਵਿਚ ਜਾ ਲੁਕੇ। ਉਸ ਵਕਤ ਇਹ ਗ੍ਰੰਥ ਜੋ ਭਾਈ ਮਨੀ ਸਿੰਘ ਜੀ ਨੇ ਲਿਖਿਆ ਸੀ ਸ੍ਰੀ ਦਮਦਮਾ ਸਾਹਿਬ ਪੁੱਜ ਗਿਆ। ਉਥੇ ਬਹੁਤ ਸਾਰੇ ਸਿੱਖ ਇਕੱਠੇ ਹੋ ਗਏ ਸਨ। ਜਿਸ ਗੁਰਦੁਆਰੇ ਨੂੰ 'ਗੁਰੂ ਕੀ ਕਾਂਸ਼ੀ' ਕਿਹਾ ਜਾਂਦਾ ਹੈ। ਇਹ ਉਹ ਜ਼ਮਾਨਾ ਸੀ ਜਦ 'ਮੱਸਾ ਰੰਘੜ' ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਨਾਚ ਕਰਵਾਂਦਾ ਸੀ ਤੇ ਸ਼ਰਾਬ ਪੀਂਦਾ ਸੀ।

ਸ੍ਰੀ ਦਮਦਮਾ ਸਾਹਿਬ ਵਿਖੇ ਇਸ ਤੇ ਵਿਚਾਰ ਸ਼ੁਰੂ ਹੋਈ ਕਿ ਦਸਮ ਗ੍ਰੰਥ ਨੂੰ ਕਿਸ ਸ਼ਕਲ ਵਿਚ ਰੱਖਣਾ ਚਾਹੀਦਾ ਹੈ। ਇਕ ਧੜੇ ਦੀ ਇਹ ਰਾਏ ਸੀ ਕਿ ਗੁਰੂ ਮਹਾਰਾਜ ਦੀ ਬਾਣੀ, ਜੋ ਬਾਣੀ ਗੁਰੂ ਸਾਹਿਬ ਦੇ ਆਸ਼ੇ ਦੇ ਅਨੁਸਾਰ ਹੈ ਤੇ ਅਕਾਲ ਪੁਰਖ ਦੀ ਉਸਤਤ ਵਿਚ ਲਿਖੀ ਹੈ, ਉਹ ਇਕੱਠੀ ਕੀਤੀ ਜਾਵੇ ਤੇ ਬਾਕੀ ਜੋ ਉਲਥੇ ਹਨ, ਉਹ ਵੱਖੋ ਵੱਖ ਸੈਂਚੀਆਂ ਵਿਚ ਰਹਿਣ। ਦੂਜੇ ਧੜੇ ਦੀ ਇਹ ਰਾਏ ਸੀ ਕਿ ਇਹ ਗ੍ਰੰਥ ਜਿਸ ਸ਼ਕਲ ਵਿਚ ਹੁਣ ਹੈ ਇਸ ਤਰ੍ਹਾਂ, ਹੀ ਰਹੇ ਨਹੀਂ ਤਾਂ ਸੈਂਚੀਆਂ ਰੁਲ ਜਾਣਗੀਆਂ ਅਤੇ ਮੁੜ ਫਿਰ ਸ਼ਾਇਦ ਨਾ ਲੱਭ ਸਕਣ।

---

*ਭਾਈ ਮਨੀ ਸਿੰਘ ਜੀ ਨੇ ਇਹ ਗ੍ਰੰਥ ਲਿਖਣ ਵੇਲੇ ਮਾਤਾ ਸੁੰਦਰੀ ਜੀ ਤੋਂ ਸਲਾਹ ਵੀ ਲੈਂਦੇ ਰਹੇ ਤੇ ਹਲਕਾਰੇ ਆਂਵਦੇ ਜਾਂਦੇ ਸਨ।



Digitized by Panjab Digital Library | www.panjabdigilib.org

ਭਾਈ ਮਤਾਬ ਸਿੰਘ ਜੀ ਮੀਰਾਂ ਕੋਟੀਏ ਜੋ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਦੀ ਖ਼ਬਰ ਸੁਣ ਕੇ ਬੁੱਢੇ ਜੌਹੜ ਤੋਂ ਅਰਦਾਸਾ ਸੋਧ ਕੇ ਸ੍ਰੀ ਦਮਦਮੇ ਸਾਹਿਬ ਪੁੱਜੇ ਹੋਏ ਸਨ, ਉਹ ਦੂਜੇ ਧੜੇ ਨਾਲ ਸਹਿਮਤ ਸਨ ਕਿ ਇਹ ਗ੍ਰੰਥ ਇਕੱਠਾ ਹੀ ਰਹੇ । ਕਾਫੀ ਦਿਨ ਵਿਚਾਰ ਹੁੰਦੀ ਰਹੀ ਪਰ ਕੋਈ ਫੈਸਲਾ ਨਾ ਹੋ ਸਕਿਆ । ਉਨੀਂ ਦਿਨੀਂ ਖਾਲਸੇ ਦੇ ਗੁਰਮਤੇ ਸਰਬ ਸੰਮਤੀ ਨਾਲ ਹੁੰਦੇ ਸਨ। ਬਹੁ ਸੰਮਤੀ ਲਾਗੂ ਨਹੀਂ ਹੁੰਦੀ ਸੀ। ਜਦ ਬਹੁਤ ਦਿਨਾਂ ਦੀ ਵਿਚਾਰ ਨਾਲ ਫੈਸਲਾ ਨਾ ਹੋ ਸਕਿਆ ਤੇ ਭਾਈ ਮਤਾਬ ਸਿੰਘ ਨੇ ਖਾਲਸੇ ਪਾਸ ਬੇਨਤੀ ਕੀਤੀ ਕਿ ਦਾਸ ਬੀਕਾਨੇਰ ਤੋਂ ਮੱਸੇ ਰੰਘੜ ਦਾ ਸਿਰ ਵੱਢਣ ਲਈ ਅਰਦਾਸ ਕਰਕੇ ਟੁਰਿਆ ਹੈ ਅਤੇ ਮੈਨੂੰ ਆਗਿਆ ਦਿੱਤੀ ਜਾਵੇ ਕਿ ਮੈਂ ਸ੍ਰੀ ਅੰਮ੍ਰਿਤਸਰ ਜਾਵਾਂ ਅਤੇ ਜੇਕਰ ਮੈਂ ਮੱਸੇ ਰੰਘੜ ਦਾ ਸਿਰ ਕੱਟ ਕੇ ਆਪਦੇ ਸਾਹਮਣੇ ਪੇਸ਼ ਕਰ ਦੇਵਾਂ ਤਦ ਇਹ ਗ੍ਰੰਥ ਇਸੇ ਸ਼ਕਲ ਵਿਚ ਹੀ ਪੂਰੇ ਦਾ ਪੂਰਾ ਰਹਿਣ ਦਿੱਤਾ ਜਾਵੇ ਅਤੇ ਪਰ ਜੇ ਮੈਂ ਸ਼ਹੀਦ ਹੋ ਗਿਆ ਤੇ ਸਿਰ ਨਾ ਲੈ ਕੇ ਆ ਸਕਿਆ, ਤਦ ਸੈਂਚੀਆਂ ਵੱਖ ਵੱਖ ਕਰ ਦੇਣੀਆਂ। ਹੋਰ ਫ਼ੈਸਲਾ ਨਾ ਹੋ ਸਕਣ ਤੇ ਖਾਲਸਾ ਇਸ ਗੁਰਮਤੇ ਤੇ ਸਹਿਮਤ ਹੋ ਗਿਆ। ਭਾਈ ਮਤਾਬ ਸਿੰਘ ਜੀ ਮੱਸੇ ਰੰਘੜ ਦਾ ਸਿਰ ਕੱਟ ਕੇ ਲੈ ਆਏ ਅਤੇ ਇਹ ਗ੍ਰੰਥ ਉਸੇ ਹੀ ਸ਼ਕਲ ਵਿਚ ਇਕੱਠਾ ਰਿਹਾ, ਜਿਸ ਤਰ੍ਹਾਂ ਭਾਈ ਮਨੀ ਸਿੰਘ ਜੀ ਨੇ ਲਿਖਿਆ ਸੀ।

ਦਸਮ ਗ੍ਰੰਥ ਬਾਬਤ ਵਿਦਵਾਨਾਂ ਦੀ ਰਾਏ ਵੱਖੋ ਵੱਖ ਹੈ । ਕਈ ਕਹਿੰਦੇ ਹਨ ਕਿ ਉਸ ਵਿਚ ਜੋ ਉਲਥੇ ਹਨ ਉਹ ਕਵੀਆਂ ਦੇ ਲਿਖੇ ਹੋਏ ਹਨ । ਖਾਸ ਕਰਕੇ 24 ਅਵਤਾਰਾਂ ਦੇ ਚਰਿਤ੍ਰਾਂ ਬਾਬਤ ਇਹ ਕਿਹਾ ਜਾਂਦਾ ਹੈ । D. Cunningham ਨੇ ਸਿੱਖ ਇਤਿਹਾਸ 1849 ਵਿਚ ਛਪਵਾਇਆ। ਉਹ ਪਹਿਲਾਂ ਲੁਧਿਆਣੇ ਰਹੇ ਫਿਰ ਫੀਰੋਜ਼ਪੁਰ। ਉਹਨਾਂ ਨੇ ਲਿਖਿਆ ਹੈ ਕਿ ਕੁਝ ਬਾਣੀਆਂ ਰਾਮ ਤੇ ਸ਼ਿਆਮ ਕਵੀਆਂ ਦੀਆਂ ਹਨ। 24 ਅਵਤਾਰਾਂ ਬਾਬਤ ਉਹ ਲਿਖਦਾ ਹੈ ਕਿ ਇਹ ਸ਼ਾਮ ਕਵੀ ਦਾ ਲਿਖਿਆ ਹੈ। ਅਸਲ ਵਿਚ ਦਸਮ-ਪਾਤਸ਼ਾਹ ਨੇ ਕਈ ਉਪਨਾਮ ਵਰਤੇ ਹਨ। ਰਾਮ, ਸ਼ਾਮ ਉਹਨਾਂ ਉਪਨਾਮਾਂ ਵਿੱਚੋਂ ਹਨ। ਅਵਤਾਰਾਂ ਦੇ ਲਿਖਣ ਵੇਲੇ ਜੋ ਉਨ੍ਹਾਂ ਨੇ ਕਈ ਜਗ੍ਹਾ ਆਪਣੇ ਵੱਲੋਂ ਟਿੱਪਣੀਆਂ ਦਿੱਤੀਆਂ ਹਨ, ਉਹ ਹੋਰ ਕੋਈ ਕਵੀ ਨਹੀਂ ਦੇ ਸਕਦਾ। ਜੋ ਅੱਗੇ ਚਲਕੇ ਦੱਸੇ ਹਨ। ਚਰਿੱਤਰ ਵੀ ਦਸਮ-ਪਾਤਸ਼ਾਹ ਦੇ ਉਲਥਾ ਕੀਤਾ ਹੋਏ ਹਨ। 21ਵੇਂ ਚਰਿਤ੍ਰ ਦਾ ਜੋ ਜ਼ਬਾਨੀ ਰੰਗ ਦਿੱਤਾ ਹੈ, ਉਹ ਹੋਰ ਕੋਈ ਕਵੀ ਨਹੀਂ ਕਰ ਸਕਦਾ ਸੀ ਅਤੇ ਅੰਤ ਵਿਚ ਜੋ ਚੌਪਈ ਹੈ, ਉਹ ਅੰਮ੍ਰਿਤ ਛਕਾਉਣ ਵੇਲੇ



Digitized by Panjab Digital Library | www.panjabdigilib.org

ਦੀਆਂ ਪੰਜ ਬਾਣੀਆਂ ਵਿੱਚੋਂ ਹੈ ਅਤੇ ਹਰ ਸਿੰਘ ਲਈ ਪਾਠ ਕਰਨਾ ਜ਼ਰੂਰੀ ਹੈ। ਉਸ ਤੇ ਲਿਖਿਆ ਹੈ। "ਕਬਿਯੋ ਬਾਚ ਬੇਨਤੀ — ਚੌਪਈ— ਇਹ ਕਵੀ ਗੁਰੂ ਮਹਾਰਾਜ ਆਪ ਹਨ ਅਤੇ ਇਸਦੇ ਪਾਠ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਮਹਾਰਾਜ ਦੀ ਆਪ ਉਚਾਰੀ ਹੋਈ ਹੈ। ਜਿਵੇਂ :—

"ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖਜ ਸਭੈ ਕਰਤਾਰਾ ॥

ਕੀ ਇਹ ਕੋਈ ਕਵੀ ਕਹਿ ਸਕਦਾ ਸੀ ?

ਇਹ ਵੀ ਦੇਖਣਾ ਹੈ ਕਿ ਭਾਈ ਮਨੀ ਸਿੰਘ ਜੀ ਦਸਮ-ਪਾਤਸ਼ਾਹ ਦੇ ਸਿਰਫ ਸਮਕਾਲੀ ਹੀ ਨਹੀਂ ਸਨ, ਉਨ੍ਹਾਂ ਦੇ ਸਾਥੀ ਵੀ ਸਨ । ਭਾਈ ਮਨੀ ਸਿੰਘ ਜੀ ਪਾਸੋਂ ਹੀ ਸਤਿਗੁਰੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਜਿਸ ਨੂੰ ਜੁਗਾਂ ਜੁਗਾਂਤਰਾਂ ਲਈ ਸਿੱਖਾਂ ਦਾ ਗੁਰੂ ਥਾਪਿਆ। ਭਾਈ ਮਨੀ ਸਿੰਘ ਜੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਗੁਰੂ ਮਹਾਰਾਜ ਨੇ ਕਿਹੜੀ ਬਾਣੀ ਉਚਾਰੀ ਹੈ ਅਤੇ ਕਿਸ ਕਿਸ ਗ੍ਰੰਥ ਦਾ ਉਲਥਾ ਕੀਤਾ ਹੈ। ਉਨ੍ਹਾਂ ਨੇ ਉਹ ਬਾਣੀਆਂ ਅਤੇ ਉਲਥੇ ਦਸਮ-ਗ੍ਰੰਥ ਵਿਚ ਲਿਖੇ ਜੋ ਗੁਰੂ-ਮਹਾਰਾਜ ਨੇ ਆਪ ਉਚਾਰਨ ਕੀਤੇ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਮਹਾਰਾਜ ਜਦ ਛੋਟੇ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ, ਇਸ ਲਈ ਉਨ੍ਹਾਂ ਦੀ ਮਾਤਾ, ਮਾਤਾ ਗੁਜਰੀ ਜੀ ਤੇ ਦਾਦੀ ਮਾਤਾ ਨਾਨਕੀ ਜੀ ਇਨ੍ਹਾਂ ਦਾ ਨਾਮ ਨਹੀਂ ਬੁਲਵਾਂਦੀਆਂ ਸਨ ਅਤੇ ਉਨ੍ਹਾਂ ਨੂੰ ਸ਼ਾਮ ਜਾਂ ਸਿਆਮ ਕਰਕੇ ਬੁਲਾਂਦੀਆਂ ਸਨ ਤੇ ਗੁਰੂ ਮਹਾਰਾਜ ਜੀ ਨੇ ਵੀ ਕਈ ਜਗ੍ਹਾ ਤੇ ਇਹੀ ਉਪਨਾਮ ਵਰਤਿਆ ਹੈ।

ਜਥਾ:—ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥
ਅਉਰ ਨ ਮਾਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥
ਸਸਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ॥
ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸ੍ਯਾਮ ਇਹੈ ਬਰੁ ਦੀਜੈ ॥੧੯੦੦॥
(ਦਸਮ, ਪੰਨਾ 495)

ਇਸ ਤੋਂ ਵੱਧ ਹੋਰ ਕੀ ਸਬੂਤ ਹੋ ਸਕਦਾ ਹੈ । ਜੇ ਚੰਗੀ ਤਰ੍ਹਾਂ ਪਾਠ ਕੀਤਾ ਜਾਵੇ ਤਦ ਕੁਝ ਥਾਈਂ ਇੱਕੋ ਛੰਦ ਵਿਚ ਰਾਮ ਤੇ ਸਿਯਾਮ ਦੋਨੋਂ ਨਾਮ ਆਉਂਦੇ ਹਨ। ਕੀ ਕੁਝ ਪੰਗਤੀਆਂ ਇਕ ਕਵੀ ਨੇ ਲਿਖੀਆਂ ਹੋਣ ਤੇ ਉਸੇ ਹੀ ਛੰਦ ਦੀਆਂ ਕੁਝ ਪੰਗਤੀਆਂ ਕਿਸੇ ਹੋਰ ਕਵੀ ਨੇ, ਇਹ ਨਹੀਂ ਹੋ ਸਕਦਾ । ਇਸ ਲਈ ਇਹ ਗੁਰੂ ਮਹਾਰਾਜ ਜੀ ਨੇ ਇਹ ਦੋਵੇਂ ਉਪਨਾਮ ਵਰਤੇ।



Digitized by Panjab Digital Library | www.panjabdigilib.org

ਜਦ ਮੈਂ ਦਸਮ-ਗ੍ਰੰਥ ਦਾ ਪਾਠ ਕੀਤਾ ਸੀ ਉਸ ਵੇਲੇ ਸਵਾਏ ਨਿਹੰਗ ਸਿੰਘਾਂ ਦੇ ਬਹੁਤ ਥੋੜ੍ਹੇ ਵਿਦਵਾਨ ਐਸੇ ਸਨ ਜਿੰਨ੍ਹਾਂ ਨੇ ਦਸਮ-ਗ੍ਰੰਥ ਨੂੰ ਚੰਗੀ ਤਰ੍ਹਾਂ ਵਾਚਿਆ ਹੋਵੇ। ਉਸ ਸਮੇਂ ਦੇ ਉਪਦੇਸ਼ਕ ਵੀ ਕੋਈ ਖ਼ਾਸ ਖੋਜ ਨਹੀਂ ਕਰਦੇ ਸਨ। ਖ਼ਾਸ ਖ਼ਾਸ ਮਾਮਲਿਆਂ ਦੇ ਉੱਤੇ ਉਹਨਾਂ ਲੈਕਚਰ ਤਿਆਰ ਕੀਤੇ ਹੋਏ ਸਨ। ਉਹੋ ਹੀ ਵੱਖੋ ਵੱਖ ਥਾਵਾਂ ਤੇ ਬੋਲਦੇ ਸਨ। ਪਰ ਦਸਮ ਗ੍ਰੰਥ ਦੀ ਵਾਕਫ਼ੀ ਇਹਨਾਂ ਨੂੰ ਨਹੀਂ ਸੀ। ਕੁਝ ਸਾਲਾਂ ਤੋਂ ਸਾਡੇ ਵਿਦਵਾਨ ਵੀ ਦਸਮ ਗ੍ਰੰਥ ਨੂੰ ਵਾਚਣ ਲੱਗ ਪਏ ਹਨ ਅਤੇ ਕਈ ਧਾਰਮਿਕ ਰਸਾਲਿਆਂ ਦੇ ਵਿਚ ਉਨ੍ਹਾਂ ਦੇ ਲੇਖ ਨਿਕਲਦੇ ਹਨ। ਹੁਣ ਹੋਰ ਵਿਦਵਾਨ ਵੀ ਦਸਮ-ਗ੍ਰੰਥ ਦੀ ਖੋਜ ਕਰ ਰਹੇ ਹਨ।

ਦਮਦਮੇ ਸਾਹਿਬ ਵਿਚ ਵਿਚਾਰ ਵੇਲੇ ਜੋ ਧੜਾ ਗੁਰਬਾਣੀ ਨੂੰ ਤੇ ਉਲਥੇ ਆਦਿ ਵੱਖ ਕਰਨ ਲਈ ਜ਼ੋਰ ਦੇਂਦੇ ਸਨ ਉਹ ਇਹ ਨਹੀਂ ਕਹਿੰਦੇ ਸਨ ਕਿ ਉਲਥੇ ਤੇ ਪਖਯਾਨ ਚਰਿਤ੍ਰ ਆਦਿ ਦਸਮ ਪਾਤਸ਼ਾਹ ਦੀ ਕ੍ਰਿਤ ਨਹੀਂ। ਸਿਰਫ਼ ਇਤਨਾ ਫਰਕ ਸੀ ਕਿ ਜੋ ਵਾਹਿਗੁਰੂ ਅਕਾਲ ਦੀ ਉਸਤਤੀ ਵਿਚ ਹੈ। ਉਹ ਇਕੱਠੇ ਰਹਿਣ ਤੇ ਬਾਕੀ ਵੱਖ ਵੱਖ ਕੀਤੇ ਜਾਂਦੇ। ਪੁਰਾਣੇ ਸਿੰਘਾਂ ਵਿਚ ਖ਼ਾਸ ਕਰਕੇ ਨਿਹੰਗ ਸਿੰਘ ਸਾਰਾ ਦਸਮ ਗ੍ਰੰਥ ਦਸਮ ਪਿਤਾ ਦਾ ਲਿਖਿਆ ਮੰਨਦੇ ਸਨ ਤੇ ਸ੍ਰੀ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ, ਦੋ ਤਖ਼ਤਾਂ ਤੇ ਸ਼ੁਰੂ ਤੋਂ ਹੁਣ ਤਕ ਦਸਮ ਗ੍ਰੰਥ ਦਾ ਪ੍ਰਕਾਸ਼ ਤਖ਼ਤ ਤੇ ਕੀਤਾ ਜਾਂਦਾ ਹੈ ਤੇ ਅਖੰਡ ਪਾਠ ਵੀ ਹੁੰਦੇ ਹੈਨ। 1908 ਵਿਚ ਬਾਬੂ ਤੇਜਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਤੇ ਵਾਦ-ਵਿਵਾਦ ਸ਼ੁਰੂ ਕੀਤਾ ਕਿ ਸਵਾਏ ਜਾਪ ਸਾਹਿਬ ਦੇ ਹੋਰ ਕੋਈ ਬਾਣੀ ਗੁਰੂ ਮਹਾਰਾਜ ਦੀ ਨਹੀਂ। ਬਾਬੂ ਜੀ ਨੇ 10 ਸ਼ਬਦ ਜੋ ਦਸਮ ਪਾਤਸ਼ਾਹੀ ਦੇ ਰਾਗਾਂ ਵਿਚ ਹੈਨ, ਉਨ੍ਹਾਂ ਵਿਚ ਇੱਕੋ ਇਕ ਪੰਜਾਬੀ ਦਾ ਸ਼ਬਦ 'ਮਿਤ੍ਰ ਪਿਆਰੇ' ਨੂੰ ... ਕੱਢ ਦਿੱਤਾ। ਉਸ ਤੋਂ ਪਿੱਛੋਂ ਅੰਬਾਲੇ ਦੇ ਇਕ ਗਿਆਨੀ ਜੀ ਦਸਮ ਗ੍ਰੰਥ ਦੇ ਸੰਬੰਧ ਵਿਚ ਬਹੁਤ ਕੁਝ ਗਲਤ ਲਿਖਦੇ ਰਹੇ। ਉਨ੍ਹਾਂ ਦੇ ਚਲਾਣੇ ਦੇ ਬਾਅਦ ਗਿਆਨੀ ਭਾਗ ਸਿੰਘ ਨੇ ਤਾਂ ਸਾਰੀ ਚੌਪਈ ਤੇ ਅਰਦਾਸ ਤੇ ਵੀ ਕਿੰਤੂ ਕੀਤਾ। ਪਰ ਜੇ ਵਿਚਾਰ ਕੇ ਦੇਖਿਆ ਜਾਵੇ ਤਦ ਭਾਈ ਸਾਹਿਬ ਡਾ. ਵੀਰ ਸਿੰਘ, ਡਾਕਟਰ ਬਲਬੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ, ਡਾਕਟਰ ਤਿਰਲੋਚਨ ਸਿੰਘ, ਡਾਕਟਰ ਤਾਰਨ ਸਿੰਘ, ਡਾਕਟਰ ਧਰਮਪਾਲ ਅਸ਼ਟੇ, ਗਿਆਨੀ ਲਾਲ ਸਿੰਘ, ਗਿਆਨੀ ਮਹਾਂ ਸਿੰਘ ਤੇ ਹੋਰ ਬਹੁਤ ਵਿਦਵਾਨ ਇਹ ਮੰਨਦੇ ਹੈਨ ਕਿ ਸਾਰਾ ਦਸਮ ਗ੍ਰੰਥ ਦਸਮ ਪਿਤਾ ਦਾ ਲਿਖਿਆ ਹੈ। ਗਿਆਨੀ ਮਹਾਂ ਸਿੰਘ ਜੀ ਨੇ ਲਿਖਿਆ ਹੈ ਕਿ ਪੰਡੀ ਤੀਹ ਨਾਲ ਹੋਏ। ਇਕ ਪੁਰਾਤਨ ਦਸਮ ਗ੍ਰੰਥ ਦੀ ਬੀੜ



Digitized by Panjab Digital Library | www.panjabdigilib.org

ਦੇ ਦਰਸ਼ਨ ਹੋਏ ਸਨ, ਜਿਸ ਵਿਚ ਅੱਠ ਦਸ ਪੱਤਰੇ ਸਿਕਸਤਾ ਲਿਖਤ ਦੇ ਸਨ ਤੇ ਉਹ 24 ਅਵਤਾਰਾਂ ਦੀ ਕਥਾ ਵਿਚ ਸਨ ਤੇ ਕਲਗੀਧਰ ਪਾਤਸ਼ਾਹ ਦੀ ਕਲਮ ਦੇ ਲਿਖੇ ਮੰਨੇ ਜਾਂਦੇ ਸਨ। ਉਸ ਦਸਮ ਗ੍ਰੰਥ ਦੀ ਬੀੜ ਵਿਚ ਇਕ ਖ਼ਾਸ ਗੱਲ ਇਹ ਸੀ ਕਿ 24 ਅਵਤਾਰਾਂ ਦੀ ਕਥਾ ਜੋ ਇਸ ਵਿਚ ਲਿਖੀ ਸੀ ਉਸ ਵਿਚ ਕਿਤੇ ਕਿਤੇ ਇਕ ਇਕ ਤੁਕ ਉਸੇ ਸਿਕਸਤਾ ਲਿਖਤ ਵਿਚ ਲਿਖੀ ਹੋਈ ਸੀ। ਜਾਪਦਾ ਸੀ ਕਿ ਕਲਗੀਧਰ ਪਾਤਸ਼ਾਹ ਜੀ ਦੀ ਅਸਲ ਸਿਕਸਤਾ ਤੋਂ ਜੋ ਲਿਖਾਰੀ ਉਤਾਰਾ ਕਰਦਾ ਸੀ, ਉਸ ਤੋਂ ਕੋਈ ਕੋਈ ਸਿਕਸਤਾ ਲਿਖੀ ਸਤ੍ਰ ਨਹੀਂ ਪੜ੍ਹੀ ਗਈ ਤੇ ਉਹ ਸਤਰ ਜੋਗੀ ਥਾਂ ਛੱਡਕੇ ਅਗਲੀ ਤੁਕ ਤੋਂ ਲਿਖਣ ਲੱਗ ਪੈਂਦਾ ਸੀ ਤੇ ਮਗਰੋਂ ਕਲਗੀਧਰ ਪਾਤਸ਼ਾਹ ਨੇ ਲਿਖਾਰੀ ਦੀ ਉਸ ਲਿਖਤ ਨੂੰ ਸੋਧਿਆ ਤੇ ਖ਼ਾਲੀ ਛੱਡੀਆਂ ਤੁਕਾਂ ਦੀ ਥਾਵੇਂ ਆਪਣੀ ਸਿਕਸਤਾ ਲਿਖਤ ਵਿਚ ਪਾਠ ਪੂਰਾ ਕਰਦੇ ਰਹੇ।*

ਇਹ ਸਭ ਮੰਨਦੇ ਹੈਨ ਕਿ ਦਸਮ ਗ੍ਰੰਥ ਵਿਚ ਬਹੁਤ ਵੱਡਾ ਸਾਹਿੱਤ ਖ਼ਜ਼ਾਨਾ ਹੈ ਤੇ ਵੱਖੋ ਵੱਖ ਵਿਦਵਾਨ ਵੱਖੋ ਵੱਖ ਪੱਖਾਂ ਤੋਂ ਇਸ ਤੇ ਚਾਨਣਾ ਪਾਉਂਦੇ ਰਹੇ ਹੈਨ। ਪਰ ਇਸ ਗ੍ਰੰਥ ਨੂੰ ਦਸਮ ਗੁਰੂ ਗ੍ਰੰਥ ਲਿਖਣਾ ਠੀਕ ਨਹੀਂ। ਸਿੱਖਾਂ ਦਾ ਇਸ਼ਟ ਤੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਤੇ ਉਹ ਦਮਦਮੀ ਪਾਵਨ ਬੀੜ ਹੈ, ਜਿਸ ਵਿਚ ਦਸਮ ਪਾਤਸ਼ਾਹ ਨੇ ਨੌਵੇਂ ਪਾਤਸ਼ਾਹ ਦੇ ਸ਼ਬਦ ਵਧਾ ਕੇ ਜੁਗ ਜੁਗ ਲਈ ਗੁਰਿਆਈ ਸੌਂਪੀ।

ਮੈਂ ਉਸ ਗ੍ਰੰਥ ਦਾ ਜ਼ਿਕਰ ਕਰਨੋਂ ਨਹੀਂ ਰਹਿ ਸਕਦਾ ਜੋ ਕਿ ਪ੍ਰੋਫ਼ੈਸਰ ਸ੍ਰ: ਪਰਮਿੰਦਰ ਸਿੰਘ ਤੇ ਸ੍ਰ: ਕ੍ਰਿਪਾਲ ਸਿੰਘ ਕਸੇਲ ਨੇ 'ਚੰਡੀ ਦੀ ਵਾਰ' ਦਾ ਜੋ ਟੀਕਾ ਕੀਤਾ ਹੈ। ਉਹ ਸਾਹਿਤ ਸੰਗਮ ਲੁਧਿਆਣਾ ਨੇ ਛਪਵਾਇਆ ਹੈ। ਇਸ ਦੇ ਸ਼ੁਰੂ ਵਿਚ ਉਹ ਲਿਖਦੇ ਹਨ :—' ਚੰਡੀ ਦੀ ਵਾਰ" ਨੂੰ ਭਗੌਤੀ ਦੀ ਵਾਰ ਕਿਹਾ ਜਾਂਦਾ ਹੈ। ਇਸ ਵਾਰ ਵਿਚ ਇਕ ਮਿਥਿਹਾਸਕ ਵਾਰਤਾ ਦਾ ਵਰਣਨ ਕੀਤਾ ਹੈ ਅਤੇ ਇਸ ਦੀ ਰਚਨਾ ਦਾ ਮਨੋਰਥ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਹੈ :—

ਦਸਮ ਕਥਾ ਭਾਗੌਤ ਕੀ, ਭਾਖਾ ਕਰੀ ਬਨਾਇ ॥
ਅਵਰ ਵਾਸਨਾ ਨਾਹਿ ਮੋਹਿ, ਧਰਮ ਯੁੱਧ ਕੀ ਚਾਇ ॥

---

*ਦਸਮ ਗੁਰ ਗਿਰਾ ਸਰਵੇਖਣ ਸਫ਼ਾ 12 'ਖ਼ਾਲਸਾ ਸਮਾਚਾਰ'



Digitized by Panjab Digital Library | www.panjabdigilib.org

ਮਲੂਮ ਹੁੰਦਾ ਹੈ ਕਿ ਇਹਨਾਂ ਪ੍ਰੋਫੈਸਰਾਂ ਨੇ ਦਸ-ਗ੍ਰੰਥੀ† ਦਾ ਪਾਠ ਨਹੀਂ ਕੀਤਾ ਜੇਕਰ ਕੀਤਾ ਹੁੰਦਾ ਤਾਂ ਉਹਨਾਂ ਨੂੰ ਮਲੂਮ ਹੁੰਦਾ ਕਿ ਗੁਰੂ ਮਹਾਰਾਜ ਨੇ ਇਹ ਦੋਹਿਰਾ ਕਿਥੇ ਲਿਖਿਆ ਹੈ ਤੇ ਕਿਸ ਮਤਲਬ ਲਈ ਲਿਖਿਆ ਹੈ ਅਤੇ ਇਹ ਆਪਣੀ ਮਰਜੀ ਨਾਲ ਗਲਤ ਵੀ ਨਾ ਲਿਖਦੇ। ਇਸਦਾ ਸ਼ੁਧ ਪਾਠ ਇਸ ਤਰ੍ਹਾਂ ਹੈ :—

ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥੨੪੯੧॥

(ਦਸਮ, ਪੰਨਾ 570)

ਇਹ ਦੋਹਿਰਾ ਕ੍ਰਿਸ਼ਨ ਅਵਤਾਰ ਦੇ ਅੰਤ ਵਿਚ ਆਪਣੀ ਰਾਏ ਅਨੁਸਾਰ ਲਿਖਿਆ ਹੈ ਕਿ "ਭਾਗਵਤ ਪੁਰਾਣ" ਦੇ ਦਸਵੇਂ ਸਕੰਧ ਦਾ ਭਾਖਾ ਵਿਚ ਉਲਥਾ ਕੀਤਾ ਹੈ। ਭਾਗਵਤ ਪੁਰਾਣ ਦੇ ਦਸਵੇਂ ਸੰਕਟ ਵਿਚ ਸਾਰੀ ਕ੍ਰਿਸ਼ਨ ਅਵਤਾਰ ਦੀ ਕਥਾ ਹੈ। ਅੱਗੇ ਜਾ ਕੇ ਇਸ ਤੇ ਹੋਰ ਚਾਨਣਾ ਪਾਵਾਂਗਾ।

ਅਨੰਦਪੁਰ ਸਾਹਿਬ ਵਿਚ ਲਿਖੇ ਗ੍ਰੰਥਾਂ ਦਾ ਹਾਲ ਉਹ ਲਿਖਦੇ ਹਨ। ਕਿਹਾ ਜਾਂਦਾ ਹੈ ਕਿ "ਹਨੂਮਾਨ ਨਾਟਕ" ਗੁਰੂ ਜੀ ਦੀ ਬੜੀ ਪ੍ਰਿਯ ਪੁਸਤਕ ਸੀ। ਹਨੂਮਾਨ ਨਾਟਕ ਹਿੰਦੀ ਬੋਲੀ ਤੇ ਪੰਜਾਬੀ ਲਿਪੀ ਦੇ ਵਿਚ ਹਿਰਦੇ ਰਾਮ ਭੱਲੇ ਦੀ ਕਿਰਤ ਹੈ। ਇਹ ਗੁਰੂ ਮਹਾਰਾਜ ਨੂੰ ਬਹੁਤ ਪਸੰਦ ਆਇਆ ਸੀ। ਪਰ ਇਹ ਗ੍ਰੰਥ ਗੁਰੂ ਜੀ ਪਾਸ ਅਨੰਦਪੁਰ ਸਾਹਿਬ ਵਿਚ ਨਹੀਂ ਸੀ। ਪੰਡਤ ਹਿਰਦੇ ਰਾਮ ਨੂੰ ਜਹਾਂਗੀਰ ਬਾਦਸ਼ਾਹ ਨੇ ਕੈਦ ਕੀਤਾ ਸੀ ਤੇ ਉਨ੍ਹਾਂ ਨੇ ਇਹ ਗ੍ਰੰਥ ਕੈਦਖਾਨੇ ਵਿਚ ਸੰਨ 1635-36 ਵਿਚ ਲਿਖਿਆ। ਇਹ ਗ੍ਰੰਥ ਸਰਕਾਰੀ ਖਜ਼ਾਨੇ ਵਿਚ ਰਿਹਾ ਤੇ ਬਹਾਦਰ ਸ਼ਾਹ ਨੇ ਉਹ ਅਸਲੀ ਨੁਕਸਾ ਹੱਥ ਲਿਖਤ ਦਸਮ-ਪਾਤਸ਼ਾਹ ਨੂੰ ਭੇਟਾ ਕਰ ਦਿੱਤਾ। ਜਦ ਉਹ ਦੇਖਣ ਵਿਚ ਸਨ।

---

†ਦਸ ਗ੍ਰੰਥੀ ਵਿਚ ਹੇਠ ਲਿਖੀਆਂ ਬਾਣੀਆਂ ਹੈਨ :

1—ਜਾਪੁ। 2—ਅਕਾਲ ਉਸਤਤਿ। 3. ਬਚਿਤ੍ਰ ਨਾਟਕ।

ਹੇਠ ਲਿਖੀਆਂ ਰਚਨਾ ਬਚਿਤ੍ਰ ਨਾਟਕ ਦਾ ਹੀ ਹਿੱਸਾ ਬਣ ਜਾਂਦੀਆਂ ਹੈਨ :

1—ਚੰਡੀ ਚਰਿਤ੍ਰ ਦੋਵੇ, 2—ਵਾਰ ਸ੍ਰੀ ਭਗੌਤੀ ਜੀ, 3—ਬਿਸ਼ਨ ਦੇ 24 ਅਵਤਾਰ, 4—ਮੀਰ ਮਹਿੰਦੀ, 5—ਬ੍ਰਹਮਾ ਦੇ ਅਵਤਾਰ, 6—ਰੁਦਰ ਦੇ ਅਵਤਾਰ, 7—ਰਾਗਾਂ ਵਿਚ ੧੦ ਸ਼ਬਦ, 8—੩੩ ਸਵਈਏ, 9—ਸਵਈਏ ਤੇ ਦੋਹਰੇ 'ਖਿਸਤ ਹਿਤ', 10—ਸ੍ਰੀ ਸ਼ਸਤ੍ਰ ਮਾਲਾ, 11—ਗਿਆਨ ਪ੍ਰਬੋਧ, 12—ਪਖਯਾਨ ਚਰਿਤ੍ਰ, 13. ਜਫਰਨਾਮਾ, 14 ਹਕਾਯਤ ਆਦਿ।



Digitized by Panjab Digital Library | www.panjabdigilib.org

ਕਿਹਾ ਜਾਂਦਾ ਹੈ ਕਿ ਕੁਝ ਵਰਕੇ ਨਹੀਂ ਸਨ। ਜੋ ਕਵੀ ਕਾਂਸ਼ੀ ਰਾਮ ਨੇ ਲਿਖੇ ਤੇ ਪ੍ਰਸੰਗ ਜੋੜਿਆ। ਇਹ ਗ੍ਰੰਥ ਪੜ੍ਹਨ ਦਾ ਮੌਕਾ ਮੈਨੂੰ ਉਦੋਂ ਮਿਲਿਆ ਜਦੋਂ ਕਿ ਮੈਂ 1905 ਵਿਚ ਬੁੱਧੀਮਾਨੀ* ਦਾ ਇਮਤਿਹਾਨ ਦੇਣਾ ਸੀ ਅਤੇ ਇਹ ਕੋਰਸ ਵਿਚ ਸੀ।‡

ਚੰਡੀ ਚਰਿਤਰ ਦੋ ਹਨ—ਪਹਿਲਾ ਮਾਰਕੰਡੇ ਪੁਰਾਨ ਵਿਚ ਜੋ ਦੁਰਗਾ ਦੇਵੀ ਦੇ ਯੁੱਧਾਂ ਦਾ ਹਾਲ ਹੈ। ਉਸ ਦਾ ਹਾਲ ਦੱਸਿਆ ਹੈ। ਜਦ ਇਕ ਪ੍ਰਸੰਗ ਖ਼ਤਮ ਹੁੰਦਾ ਹੈ ਤਦ ਇਸ ਤਰ੍ਹਾਂ ਲਿਖਦੇ ਹਨ। "ਇਤਿ ਸ੍ਰੀ ਮਾਰਕੰਡੇ-ਪੁਰਾਨੇ ਚੰਡੀ-ਚਰਿਤ੍ਰ ਉਕਤਿ ਬਿਲਾਸ ਮਧਕੈਟਭ ਬਧਹਿ ਪ੍ਰਥਮ ਧਯਾਯ" ਜਾਂ "ਇਤਿ ਸ੍ਰੀ ਮਾਰਕੰਡੇ ਸ੍ਰੀ ਚੰਡੀ ਚਰਿਤ੍ਰ ਉਕਤ ਬਿਲਾਸ ਮਹਖਾਸੁਰ ਬਧਹਿ ਨਾਮ ਦੁਤੀਆਧਿਆਇ" ਅਤੇ "ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਸੁਭ ਬਧਹਿ ਨਾਮ ਸਪਤਮੋ ਧਿਆਇ ਸੰਪੂਰਨ। ਇਸ ਵਿਚ 233 ਛੰਦ ਹਨ ਅਤੇ ਅੱਠ ਅਧਿਆਇ ਹਨ।

ਦੂਜਾ ਚੰਡੀ ਚਰਿੱਤਰ ਜੋ ਦੇਵੀ ਭਾਗਵਤ ਸਕੰਧ ਦੀ ਅਧਯਾ 35 ਵਿਚ ਲਿਖਿਆ ਹੈ। ਉਹ ਵਰਨਣ ਕਰਦੇ ਹਨ ਕਿ ਇਸ ਵਿਚ ਦੁਰਗਾ ਦਾ ਤਕਰੀਬਨ ਉਹੀ ਹਾਲ ਹੈ,ਜੋ ਇਸ ਗ੍ਰੰਥ ਵਿਚ ਦਿਤਾ ਹੈ। ਉਹ ਆਪਣੇ ਅੱਖਰਾਂ ਵਿਚ ਦੱਸਦੇ ਹਨ। ਇਸ ਗ੍ਰੰਥ ਦੇ ਵਿਚ 161 ਛੰਦ ਹਨ। ਇਹ ਗ੍ਰੰਥ ਬੀਰ ਰਸ ਦੇ ਯੁੱਧਾਂ ਦੇ ਹਾਲਾਂ ਨਾਲ ਭਰਿਆ ਪਿਆ ਹੈ। ਇਹ ਮੈਂ ਦੱਸ ਦੇਵਾਂ ਕਿ ਇਹ ਬਹੁਤ ਉਨ੍ਹਾਂ ਗ੍ਰੰਥਾਂ ਦੇ ਉਲਥੇ ਨਹੀਂ। ਗੁਰੂ ਮਹਾਰਾਜ ਨੇ (ਬੀਰ-ਰਸ) ਜੋ ਹਾਲ ਪੁਰਾਨਾਂ ਵਿਚ ਲਿਖਿਆ ਹੈ ਉਹ ਅਦਲਾ ਬਦਲੀ ਨਹੀਂ ਕੀਤੀ ਪਰ ਉਹ ਸਾਰਾ ਹਾਲ ਆਪਦੇ ਲਫ਼ਜ਼ਾਂ ਵਿਚ ਦਿੱਤਾ ਹੈ। ਇਨ੍ਹਾਂ ਗ੍ਰੰਥਾਂ ਦੇ ਅਧਾਰ ਤੇ ਗੁਰੂ ਮਹਾਰਾਜ ਨੇ ਬੀਰ-ਰਸ ਦੀ ਭਰੀ ਚੰਡੀ ਦੀ ਵਾਰ ਉਚਾਰੀ ਹੈ। ਵਾਰਾਂ ਬੀਰ ਬਹਾਦਰਾਂ ਦਾ ਹਾਲ ਪਉੜੀਆਂ ਵਿਚ ਹੁੰਦਾ ਸੀ ਅਤੇ ਗੁਰੂ ਮਹਾਰਾਜ ਨੇ ਵੀ 55 ਪਉੜੀਆਂ ਵਿਚ ਰਚੀ ਹੈ। ਪਰ ਸਭ ਤੋਂ ਪਹਿਲਾਂ ਉਨ੍ਹਾਂ ਨੇ ਮੰਗਲਾ ਚਰਨ ਵਿਚ ਭਗਉਤੀ ਨੂੰ ਸਿਮਰਕੇ ਫਿਰ ਨੌਂ ਗੁਰਾਂ ਦੀ ਅਰਾਧਨਾ ਕੀਤੀ ਹੈ, ਜੋ ਉਸ ਵਕਤ

---

*ਉਸ ਸਮੇਂ ਸਿਰਫ ਇਕ ਪਰਚਾ ਗੁਰਬਾਣੀ ਦਾ ਹੁੰਦਾ ਸੀ ਬਾਕੀ ਹਿੰਦੀ ਗ੍ਰੰਥ ਜੋ ਗੁਰਮੁਖੀ ਵਿਚ ਲਿਖੇ ਗਏ ਉਹੋ ਹੀ ਕੋਰਸ ਵਿਚ ਸਨ।

‡ਉਨ੍ਹਾਂ ਦਿਨਾਂ ਵਿਚ ਪੰਜਾਬੀ ਦੇ ਇਮਤਿਹਾਨਾਂ ਵਿਚ ਹਿੰਦੀ ਦੇ ਉਹ ਗ੍ਰੰਥ ਜੋ ਪੰਜਾਬੀ ਲਿਪੀ ਵਿਚ ਸਨ ਪੜ੍ਹਾਏ ਜਾਂਦੇ ਸਨ। ਜਿਵੇਂ :—ਹਨੂਮਾਨ ਨਾਟਕ, ਸਾਰੁਕਤਾਵਲੀ, ਪੰਚਤੰਤਰ, ਵਿਚਾਰ ਸਾਗਰ ਆਦਿਕ।



Digitized by Panjab Digital Library | www.panjabdigilib.org

ਤੋਂ ਲੈਕੇ ਹੁਣ ਤਕ ਹਰ ਵਕਤ ਅਰਦਾਸ ਕੀਤੀ ਜਾਂਦੀ ਹੈ :

੧ ਓ ਵਾਹਿਗੁਰੂ ਜੀ ਕੀ ਫਤੇ ॥ ਸ੍ਰੀ ਭਗਉਤੀ ਜੀ ਸਹਾਇ ॥
ਵਾਰ ਸ੍ਰੀ ਭਗਉਤੀ ਜੀ ਕੀ ॥ ਪਾਤਸ਼ਾਹੀ ੧੦ ॥
ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ ॥
ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ ॥
ਅਰਜਨ ਹਰਗੋਬਿੰਦ ਨੂ ਸਿਮਰੌ ਸ੍ਰੀ ਹਰਿ ਰਾਇ ॥
ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ ॥
ਤੇਗ ਬਹਾਦਰ ਸਿਮਰੀਐ ਘਰ ਨਉ ਨਿਧ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥ ੧ ॥" (ਦਸਮ ਪੰਨਾ ੧੧੯)

ਇਸ ਦੇ ਅਰਥ ਸਪਸ਼ਟ ਹਨ ਕਿ "ਵਾਰ ਇਹ ਭਗਉਤੀ(ਤਲਵਾਰ)ਦੀ ਹੈ। ਸਭ ਤੋਂ ਪਹਿਲਾਂ ਸ੍ਰੀ ਸਾਹਿਬ ਨੂੰ ਸਿਮਰਕੇ ਤੇ ਗੁਰੂ ਨਾਨਕ ਦੇਵ ਜੀ ਨੂੰ ਸਿਮਰ ਲੈਂਦਾ ਹਾਂ। ਫਿਰ ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ ਜੀ ਮੇਰੇ ਸਹਾਈ ਹੋਣ। ਫਿਰ ਮੈਂ ਗੁਰੂ ਅਰਜਨ, ਗੁਰੂ ਹਰਗੋਬਿੰਦ ਤੇ ਗੁਰੂ ਹਰਰਾਇ ਨੂੰ ਸਿਮਰਦਾ ਹਾਂ।

ਫਿਰ ਮੈਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਧਿਆਉਂਦਾ ਹਾਂ ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ। ਫਿਰ ਗੁਰੂ ਤੇਗ ਬਹਾਦਰ ਦਾ ਸਿਮਰਨ ਕਰੀਏ ਤਾਂ ਨਉ ਨਿਧ(ਨੌ ਨਿਧਾਂ)ਦਾ ਪ੍ਰਵੇਸ਼ ਹੁੰਦਾ ਹੈ। ਇਹ ਗੁਰੂ ਹਰ ਥਾਂ ਤੇ ਮੇਰੇ ਸਹਾਈ ਹੋਣ।"

ਪਰ ਦੋ ਪ੍ਰੋਫੈਸਰਾਂ ਨੇ ਇਸ ਦੇ ਅਰਥ ਹੋਰ ਤਰ੍ਹਾਂ ਕੀਤੇ ਹਨ :

"ਸਭ ਤੋਂ ਪਹਿਲਾਂ ਮੈਂ ਉਸ *ਭਗੌਤੀ (ਸ਼ਕਤੀ) ਨੂੰ ਸਿਮਰਦਾ ਹਾਂ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਿਆਇਆ। ਫੇਰ ਇਸ ਹੀ ਸ਼ਕਤੀ ਨੇ ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੀ ਸਹਾਇਤਾ ਕੀਤੀ। ਗੁਰੂ ਅਰਜਨ, ਗੁਰੂ ਹਰਗੋਬਿੰਦ ਤੇ ਸ੍ਰੀ ਗੁਰੂ ਹਰਿਰਾਇ ਜੀ ਨੇ ਵੀ ਇਸੇ ਸ਼ਕਤੀ ਨੂੰ ਹੀ ਸਿਮਰਿਆ। ਗੁਰੂ ਹਰਿਕ੍ਰਿਸ਼ਨ ਜੀ ਨੇ(ਜਿਨ੍ਹਾਂ ਦੇ ਦਰਸ਼ਨਾਂ ਨਾਲ ਸਭ ਦੁੱਖ ਦੂਰ ਹੋ ਜਾਂਦੇ ਹਨ) ਵੀ ਏਸੇ ਹੀ ਭਗੌਤੀ ਨੂੰ ਧਿਆਇਆ। ਗੁਰੂ ਤੇਗ ਬਹਾਦਰਜੀ ਨੇ ਵੀ ਇਸੇ ਸ਼ਕਤੀ ਨੂੰ ਸਿਮਰਿਆ ਜਿਸ

---

*ਭਗੌਤੀ ਦੇ ਬਹੁਤ ਸਾਰੇ ਅਰਥ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਬਹੁਤ ਦਿੱਤੇ ਹਨ।



Digitized by Panjab Digital Library | www.panjabdigilib.org

ਨਾਲ ਆਪਦੇ ਘਰ ਵਿਚ ਨੌਂ ਨਿਧਾਂ ਨੇ ਪ੍ਰਵੇਸ਼ ਕੀਤਾ ਤੇ ਏਹੀ ਸ਼ਕਤੀ ਸਭਨੀ ਥਾਈਂ ਸਹਾਈ ਹੁੰਦੀ ਹੈ।"

ਚੰਡੀ ਦੀ ਵਾਰ ਦੀ 53ਵੀਂ ਪੌੜੀ ਇਸ ਤਰ੍ਹਾਂ ਹੈ। ਜਿਸ ਦੇ ਅਰਥ ਵੀ ਸਪਸ਼ਟ ਹਨ—

॥ ਪਉੜੀ ॥ "ਦੁਹਾਂ ਕੰਧਾਰਾ ਮੁਹਿ ਜੁੜੇ ਨਾਲ ਧਉਸਾ ਭਾਰੀ ॥
ਲਈ ਭਗਉਤੀ ਦੁਰਗਸਾਹ ਵਰ ਜਾਗਨ ਭਾਰੀ ॥
ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ ॥
ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ ॥
ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁਧਾਰੀ ॥
ਜਾਣ ਰਜਾਦੀ1 ਉਤਰੀ ਪੈਨ ਸੂਹੀ ਸਾਰੀ2 ॥ ੫੩ ॥" †

19ਵੀਂ ਪਉੜੀ ਵਿਚ ਕਿਰਪਾਨ ਦਾ ਨਾਮ ਆਉਂਦਾ ਹੈ :

॥ ਪਉੜੀ ॥ ਸੱਟ ਪਈ ਜਮਧਾਣੀ ਦਲਾਂ ਮੁਕਾਬਲਾ ॥
ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ ॥
ਚੰਡੀ ਰਾਕਸਿ ਖਾਣੀ ਵਾਹੀ ਦੈਤ ਨੂੰ ॥
ਕੋਪਰ3 ਚੂਰ ਚਵਾਣੀ4 ਲਥੀ ਕਰਗ5 ਲੈ ॥
6ਪਾਖਰ ਤੁਰਾ 7ਪਲਾਣੀ ਰੜਕੀ ਧਰਤ ਜਾਇ ॥
ਲੈਦੀ ਅਘਾ ਸਿਧਾਣੀ8 ਸਿੰਗਾਂ ਧਉਲਦਿਆ ॥
9ਕੂਰਮ ਸਿਰ ਲਹਿ ਲਾਣੀ ਦੁਸਮਨ ਮਾਰਿ ਕੈ ॥
10ਵੱਢੇ ਗਨ ਤਿਖਾਣੀ ਮੂਏ ਖੇਤ ਵਿਚ ॥
ਰਣ ਵਿਚ ਘੱਤੀ ਘਾਣੀ ਲੋਹੂ ਮਿਜ ਦੀ ॥
ਚਾਰੇ ਜੁਗ ਕਹਾਣੀ ਚੱਲਗ ਤੇਗ ਦੀ ॥
ਬਿਧਣ ਖੇਤ ਵਿਹਾਣੀ ਮਹਖੇ ਦੈਤ ਨੂੰ ॥ ੧੯ ॥ (ਪੰਨਾ 121-22)

---

†ਵਾਰ ਚੰਡੀ ਪੰਨਾ 127।

1. ਰਾਜਕੁਮਾਰੀ। 2. ਸੂਹੇ ਰੰਗ ਦੀ ਸਾੜੀ। 3. ਖੋਪਰੀ। 4. ਮੂੰਹ। 5. ਪਿੰਜਰ। 6. ਕਾਠੀ। 7. ਤਾਹਰੂ ਤੇ ਖੁਰਗੀਨ। 8. ਅਗੇ ਜਾ ਕੇ। 9. ਬਲਦ ਦੇ ਸਿੰਗਾਂ ਤਕ (ਜਿਸ ਤੇ ਹਿੰਦੂ ਮਤ ਅਨੁਸਾਰ ਪ੍ਰਿਥਵੀ ਖੜੀ ਹੈ) ਤੇ ਕੱਛੂ (ਜਿਸ ਉਪਰ ਬਲਦ ਖੜਾ ਹੈ)। 10. ਜਿਵੇਂ ਤਰਖਾਣ ਨੇ ਮੋਛੇ ਵੱਢ ਕੇ ਸੁੱਟੇ ਹੋਣ।



Digitized by Panjab Digital Library | www.panjabdigilib.org

ਹੁਣ ਕੁਝ ਸੱਜਣ ਇਹ ਵੀ ਕਹਿਣ ਲਗ ਪਏ ਹਨ ਕਿ ਅਰਦਾਸ ਤੇ ਚੰਡੀ ਦੀ ਵਾਰ ਦਸਮ ਪਾਤਸ਼ਾਹ ਦੀ ਲਿਖੀ ਹੋਈ ਨਹੀਂ ਹੈ ਅਤੇ ਉਸ ਉਤੇ ਪਾਤਸ਼ਾਹੀ 10 ਗਲਤ ਲਿਖਿਆ ਗਿਆ ਹੈ। ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਚੰਡੀ ਚਰਿਤਰ ਦੋ ਹਨ। ਉਹ ਉਲਥੇ ਹਨ। ਤੇ ਚੰਡੀ ਦੀ ਵਾਰ—ਗੁਰੂ ਮਹਾਰਾਜ ਨੇ ਬੀਰ-ਰਸ ਦੀ ਭਰੀ ਹੋਈ ਇਹ ਵਾਰ ਲਿਖੀ ਹੈ। ਸਭ ਤੋਂ ਪਹਿਲਾਂ ਇਹ ਵੇਖਣਾ ਹੈ ਕਿ ਮੰਗਲਾਚਰਨ ਵਿਚ ਉਹਨਾਂ ਨੇ ਜੋ ਨੌਂ ਪਾਤਿਸ਼ਾਹੀਆਂ ਧਿਆਈਆਂ ਹਨ ਅਤੇ ਜੇਕਰ ਕਿਸੇ ਕਵੀ ਨੇ ਲਿਖੀ ਹੁੰਦੀ ਤਾਂ ਉਹ ਦਸਾਂ ਗੁਰੂਆਂ ਦਾ ਨਾਮ ਲਿਖਦਾ। ਸੋ ਇਸ ਤੋਂ ਸਬੂਤ ਮਿਲਦਾ ਹੈ ਕਿ ਇਹ ਵਾਰ ਗੁਰੂ ਮਹਾਰਾਜ ਨੇ ਹੀ ਨੌਂਵਾਂ ਗੁਰੂਆਂ ਦਾ ਧਿਆਨ ਕਰਕੇ ਲਿਖੀ ਹੈ। ਉਸ ਉਤੇ ਸਾਫ਼ ਪਾਤਸ਼ਾਹੀ 10 ਲਿਖਿਆ ਹੈ। ਇਹ ਲਿਖਣ ਵਾਲਾ ਕੌਣ ਸੀ ? ਇਹ ਭਾਈ ਮਨੀ ਸਿੰਘ ਸੀ ਜੋ ਹਮੇਸ਼ਾ ਗੁਰੂ ਮਹਾਰਾਜ ਨਾਲ ਰਹੇ ਤੇ ਉਹਨਾਂ ਪਾਸੋਂ ਹੀ ਕਲਗੀਧਰ ਪਾਤਸ਼ਾਹ ਨੇ ਦਮਦਮੀ ਬੀੜ, ਲਿਖਵਾਈ। ਉਹ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਕਿਹੜੀ ਬਾਣੀ ਦਸਮ-ਪਾਤਸ਼ਾਹ ਦੀ ਆਪਣੀ ਉਚਾਰੀ ਹੋਈ ਹੈ ਅਤੇ ਕਿਹੜੇ ਉਲਥੇ ਉਨ੍ਹਾਂ ਆਪ ਕੀਤੇ। ਇਸ ਲਈ ਉਤੇ ਪਾਤਸ਼ਾਹੀ ਦਸਵੀਂ ਲਿਖ ਦਿੱਤਾ ਤਾਂ ਜੋ ਕੋਈ ਇਸ ਤੇ ਸ਼ੱਕ ਨਾ ਕਰੇ ਅਤੇ ਨਾ ਹੀ ਸ਼ੱਕ ਕਰਨਾ ਚਾਹੀਦਾ ਹੈ। ਇਸ ਤੋਂ ਪਿਛੋਂ ਪੰਥ ਵਿਚ ਹਰ ਫੈਸਲਾ ਗੁਰਮਤੇ ਦੇ ਅਨੁਸਾਰ ਹੁੰਦਾ ਸੀ ਅਤੇ ਗੁਰਮਤੇ ਸਰਬਸੰਮਤੀ ਨਾਲ ਹੁੰਦੇ ਸਨ। ਦਸਵੀਂ ਪਾਤਸ਼ਾਹੀ ਤੇ ਸਰਬ ਸੰਮਤੀ ਦੇ ਨਾਲ ਮੁੜ ਕੇ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਸ਼ਹੀਦਾਂ ਦਾ ਜ਼ਿਕਰ ਕਰਕੇ ਅਰਦਾਸ ਨੂੰ ਆਖਰੀ ਰੂਪ ਦਿੱਤਾ ਗਿਆ ਅਤੇ ਭਾਈ ਮਨੀ ਸਿੰਘ ਜਦ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ (ਹੈੱਡ) ਮੁੱਖ ਗ੍ਰੰਥੀ ਸਨ। ਉਸ ਵੇਲੇ ਤੋਂ ਬਰਾਬਰ ਉਸੇ ਤਰ੍ਹਾਂ ਅਰਦਾਸ ਕੀਤੀ ਜਾਂਦੀ ਹੈ। ਹਰ ਘਰ ਤੇ ਗੁਰਦੁਆਰੇ ਵਿਚ ਵੀ ਇਹੀ ਅਰਦਾਸ ਕੀਤੀ ਜਾਂਦੀ ਹੈ।

ਚੰਡੀ ਦੀ ਵਾਰ ਇਕ ਜੋਸ਼ ਦੇਣ ਵਾਲੀ ਬੀਰ-ਰਸੀ ਵਾਰ ਹੈ। ਚੰਡੀ ਚਰਿੱਤਰ ਤੇ ਵਾਰ ਦੀ ਕਹਾਣੀ ਇਸ ਤਰ੍ਹਾਂ ਹੈ। ਜੋ ਲੋਕ ਭਾਰਤ ਦੇ ਉੱਤਰ ਵਲ ਪਹਾੜਾਂ ਤੇ ਵਸਦੇ ਸਨ ਉਹ ਆਪਣੇ ਆਪ ਨੂੰ ਦੇਵਤੇ ਅਖਵਾਉਂਦੇ ਸਨ। ਉਹ ਆਪਣੇ ਰਾਜੇ ਨੂੰ ਇੰਦਰ ਕਹਿੰਦੇ ਸਨ। ਜੋ ਉਹਨਾਂ ਨਾਲ ਯੁਧ ਕਰਦੇ ਸਨ ਉਹਨਾਂ ਨੂੰ ਉਹ ਦੈਂਤ ਕਹਿੰਦੇ ਸਨ। ਇਕ ਵਾਰ ਇਕ ਜੋਧੇ ਮਹਿਖਾਸੁਰ ਨੇ ਰਾਜਾ ਇੰਦਰ ਨੂੰ ਆਪਣੇ ਮੁਲਕ ਵਿਚੋਂ ਕੱਢ ਦਿਤਾ ਤੇ ਆਪਣਾ ਰਾਜ ਬਣਾ ਲਿਆ। ਤਦ ਇੰਦਰ ਨੇ ਉਜੈਨ ਦੀ ਮਲਕਾ ਦੁਰਗਸ਼ਾਹ ਪਾਸ ਬੇਨਤੀ ਕੀਤੀ ਕਿ ਮਦਦ ਦੇਵੇ। ਦੁਰਗਸ਼ਾਹ ਦੀਆਂ ਲੜਾਈਆਂ ਦੈਂਤਾਂ



Digitized by Panjab Digital Library | www.panjabdigilib.org

ਨਾਲ ਹੋਈਆਂ ਤੇ ਆਖਰ ਜਿਸ ਤਰ੍ਹਾਂ 19ਵੀਂ ਪਉੜੀ ਦੇ ਵਿਚ ਹੈ ਦੈਂਤ ਮਹਿਖਾਸੁਰ ਨੂੰ ਮਾਰ ਦਿੱਤਾ ਗਿਆ ਅਤੇ ਦੇਵਤਿਆਂ ਨੂੰ ਮੁੜ ਰਾਜ-ਪਾਟ ਸੌਂਪਿਆ ਗਿਆ। ਦੇਵਤਿਆਂ ਨੇ ਬੜੀ ਖੁਸ਼ੀ ਮਨਾਈ।

*॥ ਸ੍ਵੈਯਾ ॥ ਯਾ ਤੇ ਪ੍ਰਸੰਨਿ ਭਏ ਹੈ ਮਹਾਂ ਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ ॥
ਜੱਗਯ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਮਿਲਿ ਧਿਆਨਹਿ ਲਾਵੈਂ ॥
ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ ॥
ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥੫੪॥
ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥
ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈਂ ॥
ਦਾਨ ਤਦੱਛਨ ਦੈ ਕੈ ਪ੍ਰਦੱਛਨ ਭਾਲ ਮੈ ਕੁੰਕਮ ਅੱਛਤ ਲਾਵੈਂ ॥
ਹੋਤ ਕੁਲਾਹਲ ਦੇਵਪੁਰੀ ਮਿਲਿ ਦੇਵਨ ਕੇ ਕੁਲਿ ਮੰਗਲਿ ਗਾਵੈਂ ॥੫੫॥

ਦੇਵਤੇ ਕਈ ਸਾਲ ਰਾਜ ਕਰਦੇ ਰਹੇ ਪਰ ਮੁੜ ਫਿਰ ਦੋ ਬਲੀ ਦੈਂਤ ਸੁੰਭ ਤੇ ਨਿਸੁੰਭ ਜ਼ੋਰ ਪਕੜ ਗਏ ਤੇ ਉਨ੍ਹਾਂ ਦੀਆਂ ਫੌਜਾਂ ਨੇ ਮੁੜ ਇੰਦਰਪੁਰੀ ਤੇ ਕਬਜ਼ਾ ਕਰ ਲਿਆ। ਤਦ ਇੰਦਰ ਫਿਰ ਦੁਰਗਾ ਦੀ ਸ਼ਰਨ ਗਿਆ ਤੇ ਮਦਦ ਲਈ ਪ੍ਰਾਰਥਨਾ ਕੀਤੀ। ਦੁਰਗਾ ਮੁੜ ਉਹਨਾਂ ਦੀ ਮਦਦ ਤੇ ਆਈ ਤੇ ਯੁੱਧ ਹੋਏ। ਸੁੰਭ ਤੇ ਨਿਸੁੰਭ ਨੇ ਪਹਿਲਾਂ ਆਪਣੇ ਵੱਡੇ ਸਰਦਾਰ ਲੋਚਨਧੂਮ, ਸ੍ਰਣਵਤਬੀਜ ਆਦਿ ਯੋਧੇ ਫੌਜਾਂ ਦੇ ਨਾਲ ਗਏ ਪਰ ਦੁਰਗਾ ਨੇ ਸਰਦਾਰ ਮਾਰ ਦਿੱਤੇ ਤੇ ਉਹਨਾਂ ਦੀ ਫੌਜ ਵੀ ਬਹੁਤੀ ਮਾਰ ਦਿੱਤੀ, ਬਾਕੀ ਬਚੀ ਫੌਜ ਭਜ ਗਈ। ਫਿਰ ਨਿਸੁੰਭ ਮੈਦਾਨ ਵਿਚ ਆਪਣਾ ਫੌਜ ਲੈ ਕੇ ਪੁੱਜਾ। ਉਸ ਦੇ ਮਰਨ ਦੇ ਬਾਅਦ ਸੁੰਭ ਵੀ ਮਾਰਿਆ ਗਿਆ ਤੇ ਦੁਰਗਾਂ ਨੇ ਮੁੜ ਇੰਦਰ ਤੇ ਦੇਵਤਿਆਂ ਨੂੰ ਰਾਜ ਲੈ ਕੇ ਦਿੱਤਾ।

ਦੁਰਗਾ ਨੂੰ ਅੱਠ ਬਾਹਾਂ ਵਾਲੀ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਰਾਵਣ ਦੇ ਦਸ ਸਿਰ ਦੱਸੇ ਜਾਂਦੇ ਹਨ। ਨਾਲੇ ਕਿਹਾ ਜਾਂਦਾ ਹੈ ਕਿ ਉਹ ਉਸ ਸਮੇਂ ਦਾ ਸਭ ਤੋਂ ਵੱਡਾ

---

*ਇਹ ਸਵੈਯੇ ਇਤਿ ਸ੍ਰੀ ਮਾਰਕੰਡੇ ਪੁਰਾਣੇ ਸ੍ਰੀ ਚੰਡੀ ਚਰਿਤਰ ਉਕਤ ਬਿਲਾਸ ਮਹਿਖਾਸੁਰ ਬਧਹਿ ਨਾਮ ਦੁਤੀਆਧਿਆਇ ॥ 2 ॥ ਤੋਂ ਅੱਗੇ ਧੂਮਰ ਨੈਨ ਬਧਹਿ ਦੇ ਪ੍ਰਸੰਗ ਵਿਚ ਦਸਮ, ਪੰਨਾ 79 ਤੇ ਹੈ ਤੇ ਰਾਗੀ ਸਿੰਘ ਇਸ ਨੂੰ ਆਰਤੀ ਵਿਚ ਗਾਇਨ ਕਰਦੇ ਹਨ।



Digitized by Panjab Digital Library | www.panjabdigilib.org

ਪੰਡਤ ਤੇ ਵਿਦਵਾਨ ਸੀ। ਇਸ ਤਰ੍ਹਾਂ ਹੀ ਦੁਰਗਾ ਦੀ ਤਾਕਤ ਚਾਰ ਪੁਰਸ਼ਾਂ ਨਾਲੋਂ ਵੱਧ ਸੀ ਤੇ ਉਸ ਨੂੰ ਅਸ਼ਟਭੁਜੀ ਕਿਹਾ ਜਾਂਦਾ ਹੈ।

ਪਹਿਲੇ ਚੰਡੀ ਚਰਿਤਰ ਵਿਚ ਸੁੰਭ ਦੇ ਮਰਨ ਬਾਅਦ ਇੰਦਰ ਤੇ ਦੇਵਤਿਆਂ ਨੂੰ ਰਾਜ ਦੇ ਕੇ ਦੁਰਗਾ ਵਾਪਸ ਚਲੀ ਜਾਂਦੀ ਹੈ। ਗੁਰੂ ਮਹਾਰਾਜ ਜੀ ਆਪ ਕੁਝ ਟਿਪਣੀ ਦੇਂਦੇ ਹਨ। ਉਸ ਵਿਚ ਹੀ ਇਹ ਸਵੈਯਾ ਹੈ :–

"ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥
(ਦਸਮ, ਪੰਨਾ 99)

ਗੁਰੂ ਮਹਾਰਾਜ ਨੇ ਦੋਵੇਂ ਚੰਡੀ ਚਰਿਤਰ ਪੁਰਾਣੇ ਗ੍ਰੰਥਾਂ ਮਾਰਕੰਡੇ ਪੁਰਾਨ ਤੇ ਦੇਵੀ ਭਾਗਵਤ ਸਕੰਦ ਦੀ ਅਧਿਆਇ 35 ਦਾ ਅਨੁਵਾਦ ਕਰਕੇ ਮੁੜ ਆਪਣੇ ਵਲੋਂ ਭਗਉਤੀ ਦੀ ਵਾਰ ਲਿਖੀ ਹੈ। ਜਿਸ ਦੀਆਂ 55 ਪੌੜੀਆਂ ਹਨ। ਇਹ ਬੀਰ-ਰਸ ਦੀ ਭਰੀ ਵਾਰ ਹੈ ਤੇ ਇਸ ਦੇ ਪੜ੍ਹਨ ਨਾਲ ਸੁਤੇ ਜੋਸ਼ ਆ ਜਾਂਦਾ ਹੈ।

ਸਭ ਤੋਂ ਪਹਿਲਾਂ ਨੌਂ ਪਾਤਸ਼ਾਹੀਆਂ ਨੂੰ ਸਿਮਰਕੇ ਮੰਗਲਾ ਚਰਨ ਹੈ। ਸ਼ੁਰੂ ਵਿਚ ਪਉੜੀ ਨਹੀਂ ਲਿਖੀ। ਹਰ ਪਉੜੀ ਦੇ ਅੱਗੇ ਪਹਿਲਾਂ 'ਪਉੜੀ' ਲਿਖਿਆ ਹੈ।

ਚੰਡੀ ਦੀ ਵਾਰ ਦੀ ਪਹਿਲੀ ਪਉੜੀ ਇਸ ਤਰ੍ਹਾਂ ਹੈ :

॥ ਪਉੜੀ ॥ "ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ ॥
ਤੈਂ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ ॥
ਕਿਨੀ ਤੇਰਾ ਅੰਤੁ ਨ ਪਾਇਆ ॥ ੨ ॥ (ਪੰਨਾ 119)

ਗੁਰੂ ਮਹਾਰਾਜ ਜੀ ਦੀ ਲਿਖਤ "ਚੰਡੀ ਦੀ ਵਾਰ" ਪੰਜਾਬੀ ਵਿਚ ਹੈ, ਪਰ ਕਈ



Digitized by Panjab Digital Library | www.panjabdigilib.org

ਫਾਰਸੀ ਤੇ ਹੋਰ ਬੋਲੀਆਂ ਦੇ ਅੱਖਰਾਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਹ ਆਮ ਵੇਖਣ ਵਿਚ ਆਉਂਦਾ ਹੈ ਕਿ ਪੁਰਾਣੇ ਗਿਆਨੀ ਸੰਤ ਮਹੰਤ ਵੀ ਅਰਦਾਸ ਦਾ ਜੋ ਉਤੇ ਦਿਤੀ ਹੈ ਦਾ ਸ਼ੁਧ ਪਾਠ ਨਹੀਂ ਕਰਦੇ ਕੁਝ ਅੱਖਰ ਵਧਾਕੇ ਬੋਲਦੇ ਹਨ, ਜੋ ਠੀਕ ਨਹੀਂ ਹਨ।

ਮੈਂ ਅਕਤੂਬਰ 1968 ਵਿਚ ਸ੍ਰੀ ਤਰਨਤਾਰਨ ਗੁਰਦਵਾਰੇ ਦੇ ਦਰਸ਼ਨ ਕਰਨ ਲਈ ਗਿਆ। ਇਕ ਰਾਤ ਬਿਸਰਾਮ ਦੀ ਅਰਦਾਸ ਇਕ ਸਿੰਘ ਨੇ ਕੀਤੀ ਪਰ ਉਸ ਵਿਚ ਕੁਝ ਭੁਲਾਂ ਸਨ। ਦੂਜੇ ਦਿਨ ਸਵੇਰੇ ਭੋਗ ਦੀ ਅਰਦਾਸ ਕਰਨੀ ਸੀ ਉਹੀ ਸਿੰਘ ਫਿਰ ਅਰਦਾਸ ਕਰਨ ਲਈ ਹਾਜ਼ਰ ਸੀ ਤਦ ਮੈਂ ਉਸ ਨੂੰ ਜਾ ਕੇ ਪੁਛਿਆ ਕਿ ਰਾਤ ਨੂੰ ਤੁਸੀਂ ਅਰਦਾਸ ਕੀਤੀ ਸੀ। ਤਦ ਉਸ ਨੇ 'ਹਾਂ' ਵਿਚ ਜਵਾਬ ਦਿਤਾ। ਮੈਂ ਉਸ ਨੂੰ ਕਿਹਾ ਕਿ ਚੰਗਾ ਹੋਵੇ ਜੇ ਕੋਈ ਹੋਰ ਸੱਜਣ ਅਰਦਾਸ ਕਰਨ ਉਹ ਚਲਾ ਗਿਆ ਤੇ ਇਕ ਹੋਰ ਸੱਜਣ ਨੇ ਅਰਦਾਸ ਕੀਤੀ ਜੋ ਠੀਕ ਸੀ।

ਹਰ ਗੁਟਕੇ ਵਿਚ ਅਰਦਾਸ ਲਿਖੀ ਹੈ ਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਅਰਦਾਸ ਹੁੰਦੀ ਹੈ। ਪਰ ਕਈ ਸੱਜਣ ਧਿਆਨ ਨਹੀਂ ਦਿੰਦੇ ਤੇ ਕਈ ਵਾਰ ਕੁਝ ਸ਼ਬਦ ਵਧ ਘਟ ਜੋੜ ਦਿੰਦੇ ਹਨ।

## ਅਵਤਾਰ

ਅਵਤਾਰਾਂ ਬਾਬਤ ਹਿੰਦੂ ਭਰਾਵਾਂ ਦਾ ਮਤ ਇਹ ਹੈ ਕਿ ਜਿਸ ਤਰ੍ਹਾਂ ਸਾਡਾ ਬ੍ਰਹਿਮੰਡ ਹੈ ਇਸੇ ਤਰ੍ਹਾਂ ਹੋਰ ਕਈ ਬ੍ਰਹਮੰਡ ਹਨ ਅਤੇ ਸਭ ਬ੍ਰਹਮੰਡਾਂ ਨੂੰ ਪਾਲਣਹਾਰਾ ਤੇ ਇਕਤਾਰ ਰੱਖਣ ਵਾਲਾ ਪਰਮਾਤਮਾ ਜਾਂ ਅਕਾਲ ਪੁਰਖ ਹੈ। ਹਰ ਬ੍ਰਹਿਮੰਡ ਵਿਚ ਉਸ ਨੇ ਤਿੰਨ ਸ਼ਕਤੀਆਂ ਪੈਦਾ ਕੀਤੀਆਂ ਹਨ। ਪੈਦਾ ਕਰਨ ਵਾਲੀ ਸ਼ਕਤੀ ਦਾ ਨਾਮ ਬ੍ਰਹਮਾ ਹੈ। ਪਾਲਣ-ਪੋਸਣ ਵਾਲੀ ਸ਼ਕਤੀ ਦਾ ਨਾਂ ਬਿਸ਼ਨ ਹੈ ਅਤੇ ਲੈ ਕਰਨ ਵਾਲੀ ਸ਼ਕਤੀ ਦਾ ਨਾਮ ਸ਼ਿਵ ਹੈ ਅਤੇ ਜਦ ਕਦੇ ਪ੍ਰਿਥਵੀ ਤੇ ਪਾਪ ਅਤੇ ਜ਼ੁਲਮ ਵਧ ਜਾਂਦੇ ਹਨ ਤਦ ਬਿਸ਼ਨ ਅਵਤਾਰ ਧਾਰਕੇ ਜਨਮ ਲੈਂਦਾ ਹੈ ਤੇ ਜ਼ਰਵਾਣਿਆਂ ਦਾ ਨਾਸ ਕਰਦਾ ਹੈ ਅਤੇ ਧਰਮ ਦਾ ਪਰਚਾਰ ਵੀ ਕਰਦਾ ਹੈ। ਸਿੱਖ ਮਤ ਅਨੁਸਾਰ ਇਸ ਵਿਚ ਥੋੜਾ ਜਿਹਾ ਫ਼ਰਕ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ :— (ਮਾਰੂ ਸੋਲਹੇ)

"ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥"



Digitized by Panjab Digital Library | www.panjabdigilib.org

ਪੁਨਹਾ :—"ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥"

ਫਿਰ:—"ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥
ਅਵਰੁ ਨ ਦੀਸੈ ਏਕੋ ਸੋਈ ॥ ਅਤੇ—
ਸੁੰਨ ਕਲਾ ਅਪਰੰਪਰਿ ਧਾਰੀ ॥
ਆਪਿ ਨਿਰਾਲਮੁ ਅਪਰ ਅਪਾਰੀ ॥
ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥
ਪਉਣੁ ਪਾਣੀ ਸੁੰਨੈ ਤੇ ਸਾਜੇ ॥
ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥
ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥
ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸੁੰਨੇ ਵਰਤੇ ਜੁਗ ਸਬਾਏ ॥
ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ ॥"

ਹਿੰਦੂ ਮਤ ਅਨੁਸਾਰ ਬਿਸ਼ਨ ਵੀ ਪਰਮਾਤਮਾ ਦਾ ਪੈਦਾ ਕੀਤਾ ਹੋਇਆ ਹੈ, ਕਰਤਾ ਨਹੀਂ । ਕੀਤਾ ਹੋਇਆ ਕਰਤੇ ਦੀ ਬਰਾਬਰੀ ਨਹੀਂ ਕਰ ਸਕਦਾ । ਅਗੇ ਜੋ ਬਿਸ਼ਨ ਦੇ ਅਵਤਾਰ ਹੋਕੇ ਜਨਮ ਲੈਂਦੇ ਹਨ ਉਹ (ਅਵਤਾਰ) ਵਿਸ਼ਨੂੰ ਨਹੀਂ ਹੋ ਸਕਦੇ । ਤਦ ਉਹ ਪਰਮਾਤਮਾ ਕਿਸ ਤਰ੍ਹਾਂ ਹੋ ਸਕਦੇ ਹਨ । ਅਕਾਲ ਪੁਰਖ ਜਨਮ ਮਰਨ ਤੋਂ ਰਹਿਤ ਹੈ । ਗੁਰੂ ਮਹਾਰਾਜ ਦਾ ਹੁਕਮ ਹੈ ।

"ਸਗਲੀ ਥੀਤਿ ਪਾਸਿ ਡਾਰਿ ਰਾਖੀ ॥
ਅਸਟਮ ਥੀਤਿ ਗੋਵਿੰਦ ਜਨਮਾ ਸੀ ॥ ੧ ॥
ਭਰਮਿ ਭੂਲੇ ਨਰ ਕਰਤ ਕਚਰਾਇਣ ॥
ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥
ਕਰਿ ਪੰਜੀਰੁ ਖਵਾਇਓ ਚੋਰ ॥
ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥
ਸਗਲ ਪਰਾਧ ਦੇਹਿ ਲੋਰੋਨੀ ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥ ੪ ॥" (ਆਦਿ ਗ੍ਰੰਥ, ਪੰਨਾ 1136)



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਸਾਫ ਕਹਿ ਦਿਤਾ ਹੈ:—

ਰਾਮ–"ਜੋ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕੋ ਕੌਸਲ1 ਕੁੱਖ ਜਯੋ ਜੂ ॥
ਕਾਲ ਹੂ ਕਾਨ੍ਹ2 ਕਹਿ ਜਿਹਿ ਕੋ ਕਿਹਿ ਕਾਰਣ ਕਾਲ ਤੇ ਦੀਨ ਭਯੋ ਜੂ ॥
ਸੱਤ ਸਰੂਪ ਬਿਬੈਰ ਕਹਾਇ, ਸੋ ਕਯੋਂ ਪੱਥ3 ਕੋ ਰਥ ਹਾਂਕ ਧਯੋ ਜੂ ॥
ਤਾਹੀ ਕੋ ਮਾਨਿ ਪ੍ਰਭੂ ਕਰਿ ਕੈ ਜਿਹ ਕੋ ਕੋਊ ਭੇਦੁ ਨ ਲੇਨ ਲਯੋ ਜੂ ॥੧੨॥
ਕਯੋਂ ਕਹੁ ਕ੍ਰਿਸਨ ਕ੍ਰਿਪਾ ਨਿਧ ਹੈ ਕਿਹ ਕਾਜ ਤੇ ਬੱਧਕ ਬਾਨੁ ਲਗਾਯੋ ॥
ਅਉਰ ਕੁਲੀਨ ਉਧਾਰਤ ਜੋ ਕਿਹ ਤੇ ਅਪਨੋ ਕੁਲ ਨਾਸੁ ਕਰਾਯੋ ॥
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ ॥
ਤਾਤ ਨ ਮਾਤ ਕਹੈ ਜਿਹ ਕੋ ਤਿਹ ਕਯੋਂ ਬਸੁਦੇਵਹਿ ਬਾਪੁ ਕਹਾਯੋ ॥ ੧੩॥*

ਸਿੱਖਾਂ ਨੂੰ ਗੁਰੂ ਮਹਾਰਾਜ ਦਾ ਹੁਕਮ ਇਸ ਤਰ੍ਹਾਂ ਹੋਇਆ ਹੈ :

"ਹਰਿ ਜੁਗੁ ਜੁਗੁ ਭਗਤ ਉਪਾਇਆ ॥ ਪੈਜ ਰਖਦਾ ਆਇਆ ਰਾਮ ਰਾਜੇ ॥"

ਇਹ ਜੋ ਅਵਤਾਰ ਹੋਏ ਹਨ ਉਹ ਅਕਾਲ ਪੁਰਖ ਦੇ ਪੈਦਾ ਕੀਤੇ ਹੋਏ ਭਗਤ ਹੋਏ ਹਨ । ਉਹ ਅਕਾਲ ਪੁਰਖ ਦੀ ਬਰਾਬਰੀ ਨਹੀਂ ਕਰ ਸਕਦੇ । ਅਵਤਾਰਾਂ ਨੂੰ ਪਰਮਾਤਮਾ ਮੰਨਣਾ ਭੁਲ ਹੈ । ਸਿੱਖ ਇਹਨਾਂ ਅਵਤਾਰਾਂ ਨੂੰ ਭਗਤ ਮੰਨਕੇ ਇਹਨਾਂ ਦੀ ਇੱਜ਼ਤ ਜ਼ਰੂਰ ਕਰਦੇ ਹਨ ਪਰ ਉਨ੍ਹਾਂ ਨੂੰ ਰਬ ਮੰਨਕੇ ਉਹਨਾਂ ਦੀ ਪੂਜਾ ਨਹੀਂ ਕਰਦੇ । ਹਿੰਦੂ ਮੱਤ ਇਕ ਅਗਾਧ ਸਮੁੰਦਰ ਹੈ । ਇਸ ਵਿਚ ਨਾਸਤਕ, ਆਸਤਕ, ਗਊ ਪੂਜਣ ਵਾਲੇ ਅਤੇ ਗਊ ਭਖਸ਼ੋ ਵੀ ਸ਼ਾਮਲ ਹਨ । ਕਈ ਭਗਤ ਐਸੇ ਹੋਏ ਹਨ ਜਿਨ੍ਹਾਂ ਨੇ ਹਿੰਦੂ ਧਰਮ ਦੇ ਵਿਰੁਧ ਅਵਾਜ਼ ਉਠਾਈ ਭਾਵੇਂ ਬੁਧ ਧਰਮੀਆਂ ਨੂੰ ਭਾਰਤ ਵਿੱਚੋਂ ਕੱਢ ਦਿੱਤਾ ਗਿਆ ਪਰ ਬੁਧ ਨੂੰ ਵੀ ਅਵਤਾਰ ਮੰਨਿਆਂ ਹੈ ਤੇ ਇਹ 24 ਅਵਤਾਰਾਂ ਵਿਚੋਂ ਇੱਕ ਵੱਡਾ ਅਵਤਾਰ ਹੈ । ਇਸ ਤਰ੍ਹਾਂ ਜੈਨ ਮਤ ਦਾ ਵਡਾ ਸ੍ਰੀ ਮਹਾਂਵੀਰ ਵੀ ਅਵਤਾਰਾਂ ਵਿਚ ਸ਼ਾਮਲ ਹੈ । ਭਾਵੇਂ ਜੈਨੀ ਨਹੀਂ ਮੰਨਦੇ ਕਿ ਉਹ ਹਿੰਦੂ ਹਨ । ਇਸ ਤਰ੍ਹਾਂ ਇਹ ਕੋਸ਼ਿਸ਼ ਕੀਤੀ ਗਈ ਕਿ–ਸ੍ਰੀ ਗੁਰੂ ਨਾਨਕ ਦੇਵ ਜੀ ਤੇ 10 ਪਾਤਸ਼ਾਹੀਆਂ ਨੂੰ ਵੀ ਵਿਸਨੂੰ ਅਵਤਾਰ ਸਾਬਤ ਕੀਤਾ ਜਾਵੇ । ਦਸਮ ਪਾਤਸ਼ਾਹੀ ਨੇ ਆਪਣੇ ਲਈ ਇਉਂ ਲਿਖਿਆ ਹੈ :—

"ਜੋ ਹਮ ਕੋ ਪਰਮੇਸਰ ਉਚਰਿਹੈ ॥ ਤੇ ਸਭ ਨਰਕਿ ਕੁੰਡ ਮਹਿ ਪਰਿਹੈ ॥
ਮੋ ਕੋ ਦਾਸੁ ਤਵਨ ਕਾ ਜਾਨੋ ॥

---

1. ਕੌਸ਼ਲਿਆ । 2. ਕ੍ਰਿਸ਼ਨ । 3. ਅਰਜਨ । *ਦਸਮ, ਪੰਨਾ 713-14



Digitized by Panjab Digital Library | www.panjabdigilib.org

ਯਾ ਮੈ ਭੇਦੁ ਨ ਰੰਚ ਪਛਾਨੋ ॥ ੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨਿ ਆਯੋ ਜਗਤ ਤਮਾਸਾ ॥......

ਪੁਨਹਾ :—"ਕਹਿਓ ਪ੍ਰਭੂ ਸੁ ਭਾਖਿ ਹੋ ॥ ਕਿਸੂ ਨ ਕਾਨ ਰਾਖਿਹੋ ॥
ਕਿਸੂ ਨ ਭੇਖ ਭੀਜ ਹੋ ॥ ਅਲੇਖ ਬੀਜ ਬੀਜ ਹੋ ॥੩੪॥
ਪਖਾਣ ਪੂਜ ਹੋ ਨਹੀ॥ ਨ ਭੇਖ ਭੀਜ ਹੋ ਕਹੀ ॥
ਅਨੰਤ ਨਾਮ ਗਾਇ ਹੋ ॥ ਪਰੱਮ ਪੁਰਖ ਪਾਇ ਹੋ" ॥੩੫॥

ਅਵਤਾਰਾਂ ਵਿਚੋਂ ਸ਼ਰੋਮਣੀ ਅਵਤਾਰ ਦੋ ਹਨ। ਸ੍ਰੀ ਕ੍ਰਿਸ਼ਨ ਜੀ ਤੇ ਸ੍ਰੀ ਰਾਮ ਚੰਦਰ ਜੀ। ਸ੍ਰੀ ਕ੍ਰਿਸ਼ਨ ਜੀ ਨੂੰ ਸੋਲਾਂ ਕਲਾਂ ਸੰਪੂਰਨ ਸ਼ਰੋਮਣੀ ਅਵਤਾਰ ਮੰਨਿਆ ਗਿਆ ਹੈ। ਦਸਮ ਗ੍ਰੰਥ ਦੇ ਵਿਚ ਹੀ ਸਭ ਤੋਂ ਵੱਧ ਹਾਲ ਕ੍ਰਿਸ਼ਨ ਅਵਤਾਰ ਦਾ ਹੈ ਜਿਸ ਦੇ 2492 ਛੰਦ ਹਨ। ਉਸ ਤੋਂ ਦੂਜੇ ਦਰਜੇ ਦੇ ਅਵਤਾਰ ਰਾਮ ਜੀ ਹਨ। ਜਿਸ ਦੇ 864 ਛੰਦ ਹਨ। ਸੰਖੇਪ ਕਰਕੇ ਇਨ੍ਹਾਂ ਦੀ ਬਾਬਤ ਗੁਰੂ ਮਹਾਰਾਜ ਦੀ ਰਾਇ ਲਿਖਦਾ ਹਾਂ, ਕ੍ਰਿਸ਼ਨ ਅਵਤਾਰ ਵਿਚ ਹੀ ਇਕ ਜਗ੍ਹਾ ਆਪਣੀ ਰਾਇ ਇਸ ਤਰ੍ਹਾਂ ਲਿਖਦੇ ਹਨ :—

॥ ਚੌਪਈ ॥ "ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋ ॥
ਲਿਵ ਲਾਗੀ ਮੋਰੀ ਪਗਇਨ ਸੋ ॥੪੩੪॥
ਮਹਾ ਕਾਲ ਰਖਵਾਰ ਹਮਾਰੋ ॥
ਮਹਾ ਲੋਹ ਮੈ ਕਿੰਕਰ ਥਾਰੋ ॥" ਆਦਿ—

ਕ੍ਰਿਸਨ ਅਵਤਾਰ ਦੇ ਅੰਤ ਆਪਣੀ ਰਾਏ ਇਸ ਤਰ੍ਹਾਂ ਦਿੰਦੇ ਹਨ।

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ ੨੪੯੧ ॥

ਇਸ ਦੇ ਅਰਥ ਸਪਸ਼ਟ ਹਨ, ਪਰ ਕਈ ਵਿਦਵਾਨ ਹੋਰ ਅਰਥ ਕਰਨ ਦੀ ਕੋਸ਼ਿਸ਼ ਕਰਦੇ ਹਨ। ਸ੍ਰੀ ਮਦ ਭਾਗਵਤ ਇਕ ਪੁਰਾਣ ਹੈ। ਜਿਸ ਨੂੰ 13ਵਾਂ ਪੁਰਾਣ ਕਹਿੰਦੇ ਹਨ। ਇਹ ਸ੍ਰੀ ਸੁਖਦੇਵ ਜੀ ਦੀ ਕ੍ਰਿਤ ਹੈ। ਜੋ ਬਿਆਸ ਜੀ ਦੇ ਲੜਕੇ ਸਨ। ਮੈਂ ਇਹ ਸਾਰਾ ਪੜ੍ਹਿਆ ਹੈ। ਇਸ ਦੇ ਦਸਵੇਂ ਸਕੰਦ ਵਿਚ ਕ੍ਰਿਸ਼ਨ ਅਵਤਾਰ ਦੀ ਪੂਰੀ ਕਥਾ ਹੈ। ਦਸਮ-ਪਾਤਸ਼ਾਹ ਹੁਕਮ ਕਰਦੇ ਹਨ। ਮੈਂ ਭਾਗਵਤ ਪੁਰਾਣ ਦੇ ਦਸਵੇਂ ਸਕੰਦ



Digitized by Panjab Digital Library | www.panjabdigilib.org

ਨੂੰ ਭਾਸ਼ਾ ਵਿਚ ਉਲਥਾ ਕੀਤਾ ਹੈ। ਮੇਰੀ ਹੋਰ ਕੋਈ ਇੱਛਾ ਨਹੀਂ ਕੇਵਲ ਧਰਮ ਯੁੱਧ ਦੀ ਚਾਹ ਹੈ।

॥ ਚੌਪਈ ॥ ਜੇ ਜੇ ਕਿਸਨ ਚਰਿਤ੍ਰ ਦਿਖਾਏ ॥
ਦਸਮ ਬੀਚ ਸਭ ਭਾਖ ਸੁਨਾਏ ॥
ਗਯਾਰਾ ਸਹਸ ਬਾਨਵੇ ਛੰਦਾ ॥
ਕਹੇ ਦਸਮ ਪੁਰ ਬੈਠ ਅਨੰਦਾ ॥ ੪ ॥......

॥ ਦੋਹਰਾ ॥ "ਰੇ ਮਨ ਭਜ ਤੂੰ ਸਾਰਦਾ ਅਨਗਨ ਗੁਨ ਹੈ ਜਾਹਿ ॥
ਰਚੋਂ ਗ੍ਰੰਥ ਇਹ ਭਾਗਵਤ ਜਉ ਵੈ ਕ੍ਰਿਪਾ ਕਰਾਹਿ ॥ ੬ ॥"

ਉਹਨਾਂ ਨੇ ਉਲਥਾ ਕਰਨ ਲੱਗਿਆਂ ਉਸੇ ਤਰ੍ਹਾਂ ਇਨ-ਬਿਨ ਲਿਖਿਆ ਹੈ। ਜਿਸ ਤਰ੍ਹਾਂ ਕਿ 'ਭਾਗਵਤ ਪੁਰਾਣ' ਦੇ ਦਸਵੇਂ ਸਕੰਦ ਵਿਚ ਹੈ ਆਪਦੀ ਰਾਏ ਵਿਚ ਤੇ ਅੰਤ ਵਿਚ ਵੀ ਸਾਫ ਲਿਖ ਦਿੱਤੀ ਹੈ।

ਹਰ ਪ੍ਰਸੰਗ ਦੇ ਖਤਮ ਕਰਨ ਤੇ ਮੁੜ ਪੁਰਾਨ ਦੇ ਦਸਵੇਂ ਸਕੰਦ ਦਾ ਹਵਾਲਾ ਦਿੰਦੇ ਹਨ। 122 ਵੇਂ ਛੰਦ ਦੇ ਪਿਛੋਂ ਇਸ ਤਰ੍ਹਾਂ ਖਤਮ ਕਰਦੇ ਹਨ।

"ਇਤਿ ਸ੍ਰੀ ਦਸਮ ਸਕੰਧੇ ਪੁਰਾਣੇ ਬਚਿਤ੍ਰ ਨਾਟਕ ਗੋਪਨ ਸੋ ਖੇਲਬੋ ਬਰਨੰ ॥"

ਪੁਰਾਣ ਦੇ ਦਸਮੇ ਸਕੰਧ ਮੁਤਾਬਕ ਗੋਪਨ ਨਾਲ ਖੇਲ ਦਾ ਹਾਲ ਸਮਾਪਤ ਹੋਇਆ। 756 ਦੇ ਪਿਛੋਂ "ਇਤਿ ਸ੍ਰੀ ਦਸਮ ਸਿਕੰਦੇ ਪੁਰਾਨੇ ਬਚਿਤ੍ਰ ਨਾਟਕ ਗ੍ਰੰਥ ਕ੍ਰਿਸ਼ਨ ਅਵਤਾਰੇ ਰਾਸ ਮੰਡਲ ਬਰਨੰਨ ਧਿਆਇ ਸਮਾਪਤ।"

93ਵਾਂ ਛੰਦ "ਇਤਿ ਸ੍ਰੀ ਦਸਮ ਸਿਕੰਦ ਪੁਰਾਨੇ ਬਚਿਤ੍ਰ ਨਾਟਕ...ਅਧਿਆਇ ਸਮਾਪਤੰ ॥

ਕ੍ਰਿਸ਼ਨ ਅਵਤਾਰ ਦੇ ਅੰਤਲੇ ਛੰਦ ਇਸ ਤਰ੍ਹਾਂ ਹੈਨ :

ਦੋਹਰਾ ॥ ਸਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ ॥
ਨਗਰ ਪਾਵਟਾ ਸੁਭ ਕਰਨ ਜਮਨਾ ਬਹੈ ਸਮੀਪ ॥ ੨੪੯੦ ॥
ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ ॥ ੨੪੯੧ ॥

ਸਵੈਯਾ ॥ ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥
ਇਤਿ ਸ੍ਰੀ ਦਸਮ ਸਿਕੰਦ ਪੁਰਾਣੇ.........



Digitized by Panjab Digital Library | www.panjabdigilib.org

ਸ੍ਰੀ ਰਾਮਚੰਦ੍ਰ ਅਵਤਾਰ ਦੇ ੮੬੪ ਛੰਦ ਹਨ। ਆਖਰੀ ਚਾਰ ਛੰਦ ਇਸ ਤਰ੍ਹਾਂ ਹਨ :—

॥ ਚੌਪਈ ॥ "ਸਿਮਰਤ ਸੰਤ੍ਰਹ ਸਹਜ ਪਛਾਵਨ ॥
ਹਾੜ ਵਦੀ ਪ੍ਰਿਥਮ ਸੁਖ ਦਾਵਨ ॥
ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ ॥
ਭੂਲ ਪਰੀ ਲਹੁ ਲੇਹੁ ਸੁਧਾਰਾ" ॥ ੮੬੦ ॥

॥ ਦੋਹਰਾ ॥ *ਨੇਤ੍ਰ ਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ ॥
ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥ ੮੬੧ ॥
†ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦ ॥
ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ ॥ ੮੬੨ ॥

ਸ੍ਵੈਯਾ ॥ ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥
ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੮੬੩॥

ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ" ॥ ੮੬੪ ॥

ਇਤਿ ਸ੍ਰੀ ਰਾਮਾਇਣ ਸਮਾਪਤ ਮਸਤੁ ॥

ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਇਹ ਉਹਨਾਂ ਰਾਮਾਇਣ ਵਿਚੋਂ ਲਿਖਿਆ। ਗੁਰੂ ਮਹਾਰਾਜ ਨੇ ਅਵਤਾਰਾਂ ਦਾ ਜੋ ਹਾਲ ਅਸਲੀ ਲਿਖਿਆ ਸੀ ਉਹ ਆਪਣੇ ਲਫ਼ਜ਼ਾਂ ਵਿਚ ਲਿਖ ਦਿੱਤਾ ਹੈ।

ਸਭ ਤੋਂ ਸ਼ਰੋਮਣੀ ਦੋ ਅਵਤਾਰ ਹਨ : ਸ੍ਰੀ ਕ੍ਰਿਸ਼ਨ ਜੀ, ਜਿਨ੍ਹਾਂ ਦਾ ਹਾਲ ਅਸੀਂ ਭਾਗਵਤ ਪੁਰਾਣ ਦੇ ਦਸਵੇਂ ਸਕੰਦ ਵਿੱਚੋਂ ਪੜ੍ਹਿਆ ਤੇ ਵਰਨਣ ਕਰ ਦਿੱਤਾ ਹੈ। ਸ੍ਰੀ ਰਾਮ ਅਵਤਾਰ ਦਾ ਜਿਕਰ ਜੋ ਰਾਮਾਇਣ ਵਿਚ ਹੈ ਉਹ ਲਿਖ ਦਿੱਤਾ ਹੈ। ਵਿਚ ਵਿਚ ਤੇ ਅੰਤ ਵਿਚ ਆਪਣੀ ਟਿੱਪਣੀ ਵੀ ਦਿੱਤੀ। ਪਰ ਜਿਸ ਤਰ੍ਹਾਂ ਉਹਨਾਂ ਗ੍ਰੰਥਾਂ ਵਿਚ

---

*ਨੈਣਾ ਦੇਵੀ ਪਰਬਤ ਦੇ ਹੇਠਾਂ ਸਤਲੁਜ ਦਰਿਆ ਦੇ ਕਿਨਾਰੇ।

†ਆਪਣੀ ਰਾਇ ਲਿਖਦੇ ਹਨ, ਮੈਂ ਨਹੀਂ ਜਾਣਦਾ ਉਹ ਸਾਧ ਸੀ ਜਾਂ ਅਸਾਧ।



Digitized by Panjab Digital Library | www.panjabdigilib.org

ਲਿਖਿਆ ਸੀ ਉਸ ਵਿਚ ਅਦਲੀ-ਬਦਲੀ ਨਹੀਂ ਕੀਤੀ।

ਤੁਲਸੀ ਦਾਸ ਜੀ ਰਾਮ ਦੇ ਉਪਾਸ਼ਕ ਸਨ ਤੇ ਉਹਨਾਂ ਨੇ ਰਾਮ ਚਰਿਤਰ ਲਿਖਿਆ ਜਿਸ ਦਾ ਨਾਮ ਤੁਲਸੀ ਰਮਾਇਣ ਸੱਦਿਆ ਜਾਂਦਾ ਹੈ। ਇਕ ਵੇਰ ਇਕ ਪ੍ਰੇਮੀ ਨੇ ਉਨ੍ਹਾਂ ਨੂੰ ਕਿਹਾ ਕਿ ਚਲੋ ਤੁਹਾਨੂੰ ਭਗਵਾਨ ਦੇ ਦਰਸ਼ਨ ਕਰਵਾਈਏ। ਉਹ ਸੱਜਣ ਉਹਨਾਂ ਨੂੰ ਬਿੰਦ੍ਰਾਬਨ ਲੈ ਗਿਆ, ਜਿੱਥੇ ਕ੍ਰਿਸ਼ਨ ਜੀ ਦੇ ਬਹੁਤ ਮੰਦਰ ਹਨ। ਕਈ ਮੰਦਰ ਸੰਗਮਰਮਰ ਦੇ ਹਨ ਤੇ ਮੂਰਤੀਆਂ ਵੀ ਸੰਗਮਰਮਰ ਦੀਆਂ ਹਨ। ਉਸ ਸੱਜਣ ਨੇ ਕਿਹਾ, "ਭਗਵਾਨ ਇਹ ਹਨ ਇਹਨਾਂ ਨੂੰ ਨਮਸਕਾਰ ਕਰੋ।" ਤੁਲਸੀਦਾਸ ਜੀ ਸੋਚੀਂ ਪੈ ਗਏ ਕਿ ਸ਼ਕਲ ਤਾਂ ਭਾਵੇਂ ਕੁਝ ਮਿਲਦੀ ਹੈ ਪਰ ਇਸ ਦੇ ਹੱਥ ਵਿਚ ਬੰਸਰੀ ਹੈ। ਧਨੁਖ ਨਹੀਂ ਤਾਂ ਕਹਿਣ ਲੱਗੇ:

"ਕਹਾਂ ਕਹੂੰ ਛਵੀ ਆਜ ਕੀ ਭਲੇ ਬਰਾਜੇ ਨਾਥ।
ਤੁਲਸੀ ਮਸਤਕ ਤਬ ਨਿਵੈ ਜੋ ਧਨੁਸ਼ ਬਾਨ ਹੋਏ ਹਾਥ।

ਸਿੱਖਾਂ ਦਾ ਮਸਤਕ ਵੀ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਹਮਣੇ ਨਿਵ ਸਕਦਾ ਹੈ। ਪੰਦ੍ਰਵੇਂ ਅਵਤਾਰ ਸ੍ਰਾਵਗ ਮਤ ਬਾਬਤ ਹੈ ਉਹਨਾਂ ਦਾ ਇਸ਼ਟ ਸਾਫ ਲਿਖ ਦਿੱਤਾ ਹੈ।

ਦੋਹਰਾ ॥ ਅੰਨਿ ਅੰਨਿ ਤੇ ਹੋਤੁ ਜਸੋਂ ਘਾਸਿ ਘਾਸਿ ਤੇ ਹੋਇ ॥
ਤੈਸੇ ਮਨੁਛ ਮਨੁਛ ਤੇ ਅਵਰੁ ਨ ਕਰਤਾ ਕੋਇ ॥ ੧੪ ॥

ਇਸ ਤੇ ਆਪਣੀ ਟਿਪਣੀ ਇਸ ਤਰ੍ਹਾਂ ਦੇਂਦੇ ਹੈਨ:

ਚੌਪਈ ॥ ਐਸੇ ਗਿਆਨ ਸਬਹੂਨ ਦ੍ਰਿੜਾਯੋ। ਧਰਮ ਕਰਮ ਕੋਊ ਕਰਨ ਨ ਪਾਯੋ ॥
ਇਹ ਬ੍ਰਿਤ ਬੀਚ ਸਭੋ ਚਿਤ ਦੀਨਾ। ਅਸੁਰ ਬੰਸ ਤਾ ਤੇ ਭਯੋ ਛੀਨਾ ॥ ੧੫ ॥
ਚੌਪਈ ॥ ਨਾਵਨ ਦੇਤ ਨ ਪਾਵੈ ਕੋਈ। ਬਿਨੁ ਇਸਨਾਨ ਪਵਿਤ੍ਰ ਨ ਹੋਈ ॥
ਬਿਨੁ ਪਵਿਤ੍ਰ ਕੋਟੀ ਫੁਰੇ ਨ ਮੰਤ੍ਰਾ। ਨਿਫਲ ਭਏ ਤਾਂ ਤੇ ਸਭ ਜੰਤ੍ਰਾ ॥ ੧੬ ॥

(ਪੰਨਾ 183)

## ਅਥ ਪਖਯਾਨ ਚਰਿਤ੍ਰ ਲਿਖਯਤੇ!

ਪਖਯਾਨ ਸੰਸਕ੍ਰਿਤ ਸ਼ਬਦ ਹੈ ਜੋ ਧਾਤੂ ਖਯਾਨ ਤੋਂ ਨਿਕਲਦਾ ਹੈ। ਜਿਸ ਦਾ ਅਰਥ ਕਹਾਣੀ ਹੈ। "ਅਤੇ ਉਪਾਖਿਆਨ ਦੇ ਅਰਥ ਹਨ: ਸੁਣੀ ਸੁਣਾਈ ਬਾਤ ਜਾਂ ਕਹਾਣੀ!

ਇਸ ਵਿਚ ਚਰਿਤ੍ਰਾਂ ਦੀਆਂ ਕਹਾਣੀਆਂ ਹੈਨ। ਇਸ ਵਿਚ ਮਰਦਾਂ ਦੇ ਚਰਿਤ੍ਰ ਵੀ ਹੈਨ ਤੇ ਇਸਤ੍ਰੀਆਂ ਦੇ ਵੀ! ਪਰ ਇਸਤ੍ਰੀਆਂ ਦੇ ਚਰਿਤ੍ਰ ਬਹੁਤ ਹੈਨ! ਇਨ੍ਹਾਂ ਵਿਚੋਂ ਕੁਝ ਕਹਾਣੀਆਂ ਮੈਂ ਸਕੂਲ ਦੇ ਦਿਨਾਂ ਵਿਚ ਫਾਰਸੀ ਵਿਚ ਪੜ੍ਹੀਆਂ ਸਨ।



Digitized by Panjab Digital Library | www.panjabdigilib.org

ਮਸਾਲ ਦੇ ਤੌਰ ਤੇ ਇਕ ਕਹਾਣੀ ਦਸਦਾ ਹਾਂ ਇਕ ਇਸਤ੍ਰੀ ਪਾਸ ਉਸ ਦਾ ਮਿਤ੍ਰ ਬੈਠਾ ਸੀ ਕਿ ਨੌਕਰਾਣੀ ਨੇ ਆਣ ਕੇ ਕਿਹਾ ਕਿ ਮਾਲਕ ਆ ਰਿਹਾ ਹੈ, ਉਸ ਇਸਤ੍ਰੀ ਨੇ ਆਪਣੇ ਮਿੱਤਰ ਨੂੰ ਇਕ ਸਫ ਵਿਚ ਲਪੇਟ ਕੇ ਦੀਵਾਰ ਨਾਲ ਖੜਾ ਕਰ ਦਿੱਤਾ। ਉਸ ਦਾ ਮਾਲਕ ਖਜੂਰਾਂ ਲੈ ਕੇ ਆ ਗਿਆ ਤੇ ਉਹ ਦੋਵੇਂ ਖਜੂਰਾਂ ਖਾਣ ਲੱਗੇ, ਤਦ ਉਸ ਇਸਤਰੀ ਨੇ ਕਿਹਾ ਕਿ ਨਿਸ਼ਾਨਾ ਲਾ ਕੇ ਖਜੂਰਾਂ ਸਫੇ ਵਿਚ ਸੁੱਟੋ ਤੇ ਦੋਵੇਂ ਖਜੂਰਾਂ ਸੁਟਦੇ ਰਹੇ ਤੇ ਅੰਦਰ ਜੋ ਬੈਠਾ ਸੀ ਉਹ ਖਾਂਦਾ ਰਿਹਾ। ਜਦ ਮਾਲਕ ਚਲਾ ਗਿਆ, ਤਦ ਉਸ ਨੇ ਕੱਢ ਲਿਆ। ਇਹ ਕਹਾਣੀ ਦਾ ਚਰਿਤ੍ਰ ਇਸੇ ਤਰ੍ਹਾਂ ਹੈ, ਪਰ ਫਰਕ ਇਹ ਹੈ ਕਿ ਇਥੇ ਖਜੂਰਾਂ ਦੀ ਜਗ੍ਹਾ ਮਿਠਾਈ ਲਿਖੀ ਹੈ। ਇਨ੍ਹਾਂ ਚਰਿਤ੍ਰਾਂ ਵਿਚ ਸਿੰਘਾਸਨ ਬਤੀਸੀ ਦੀਆਂ ਕਹਾਣੀਆਂ ਵੀ ਹੈਨ। ਸੋਹਣੀ ਮਹੀਵਾਲ ਦੀ ਕਹਾਣੀ, ਮਿਰਜ਼ੇ ਸਾਹਿਬਾਂ ਦੀ ਕਹਾਣੀ ਤੇ ਇੰਦਰ ਗੋਤਮ ਰਿਖੀ ਤੇ ਅਹਲਿਆਂ ਦੀ ਕਹਾਣੀ ਵੀ ਹੈ।

ਕਈ ਵਿਦਵਾਨ ਇਹ ਸ਼ੰਕਾ ਕਰਦੇ ਹੈਨ ਕਿ ਇਹ ਕਹਾਣੀਆਂ ਦਸਮ ਪਾਤਸ਼ਾਹ ਦੀਆਂ ਨਹੀਂ ਲਿਖੀਆਂ ਹੋਈਆਂ ਕਿਸੇ ਹੋਰ ਦੀਆਂ ਹੈਨ। ਇਸ ਵਿਚ ਕੋਈ ਸ਼ਕ ਨਹੀਂ ਕਿ ਇਸ ਵਿਚ ਨਾਮ, ਸਥਾਨ ਬਦਲ ਕੇ ਇਹ ਕਹਾਣੀਆਂ ਗੁਰੂ ਮਹਾਰਾਜ ਨੇ ਆਪ ਲਿਖੀਆਂ ਹੈਨ। ਇਸ ਲਈ ਹੇਠ ਲਿਖੀਆਂ ਗੱਲਾਂ ਤੇ ਵਿਚਾਰ ਜ਼ਰੂਰੀ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਗੁਰੂ ਮਹਾਰਾਜ ਨੇ ਇਹ ਕਹਾਣੀਆਂ ਲਿਖੀਆਂ ਹੈਨ।

(੧) ਸ਼ੁਰੂ ਵਿਚ ਪਾਤਸ਼ਾਹੀ ਦੱਸਵੀਂ ਲਿਖਿਆ ਹੈ। ਇਹ ਲਿਖਣ ਵਾਲੇ ਭਾਈ ਮਨੀ ਸਿੰਘ ਜੀ ਹਨ, ਜੋ ਹਮੇਸ਼ਾ ਸਤਿਗੁਰੂ ਦਾ ਅੰਗ-ਸੰਗ ਰਹੇ ਤੇ ਉਨ੍ਹਾਂ ਪਾਸੋਂ ਹੀ ਦਮਦਮਾ ਸਾਹਿਬ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਲਿਖਾਈ। ਉਹ ਜਾਣਦੇ ਸਨ ਕਿ ਕਿਹੜਾ ਕਿਹੜਾ ਗ੍ਰੰਥ ਗੁਰੂ ਮਹਾਰਾਜ ਨੇ ਆਪ ਲਿਖਿਆ ਹੈ।

(੨) ਇਕੀਵਾਂ ਚਰਿਤ੍ਰ ਜੋ ਕੁਝ ਵਿਦਵਾਨ ਗੁਰੂ ਜੀ ਨਾਲ ਖੁਦ ਵਰਤੀ ਕਹਾਣੀ ਕਹਿੰਦੇ ਹੈਨ। ਉਹ ਕਹਾਣੀ ਇਸ ਤਰ੍ਹਾਂ ਆਨੰਦ ਪੁਰ ਦੇ ਰਾਜੇ ਨਾਲ ਵਰਤੀ ਕੋਈ ਹੋਰ ਕਵੀ ਦੀ ਹਿੰਮਤ ਨਹੀਂ ਪੈ ਸਕਦੀ ਸੀ ਕਿ ਇਸ ਤਰ੍ਹਾਂ ਲਿਖੇ। ਇਸ ਲਈ ਉਹ ਆਪ ਦਸਮੇਸ਼ ਪਿਤਾ ਦੀ ਲਿਖੀ ਹੈ। ਇਸ 'ਤੇ ਅੱਗੇ ਜਾ ਕੇ ਚਾਨਣਾ ਪਾਵਾਂਗਾ।

(੩) ਇਸ ਗ੍ਰੰਥ ਦੇ ਅੰਤ ਵਿਚ ਉਹ ਚੌਪਈ ਹੈ ਜੋ ਅੰਮ੍ਰਿਤ ਪ੍ਰਚਾਰ ਵੇਲੇ ਅੰਮ੍ਰਿਤ ਤਿਆਰ ਕਰਨ ਸਮੇਂ ਉਸ ਦਾ ਪਾਠ ਹੁੰਦਾ ਹੈ ਤੇ ਹਰ ਸਿੰਘ ਨੂੰ ਰੋਜ਼ ਇਸ ਦਾ ਪਾਠ ਕਰਨਾ ਜ਼ਰੂਰੀ ਹੈ ਅਤੇ ਇਹ ਪੰਜਾਂ ਬਾਣੀਆਂ ਵਿਚ ਇਕ ਜ਼ਰੂਰੀ ਬਾਣੀ ਹੈ।



Digitized by Panjab Digital Library | www.panjabdigilib.org

(੪) ਅੰਤ ਵਿਚ ਜਿਸ ਤਰ੍ਹਾਂ ਹੋਰ ਗ੍ਰੰਥਾਂ ਦੇ ਲਿਖਣ ਦਾ ਸਮਾਂ ਤੇ ਸਥਾਨ ਗੁਰੂ ਮਹਾਰਾਜ ਜੀ ਦੇਂਦੇ ਹੈਨ। ਉਸੇ ਤਰ੍ਹਾਂ ਇਸ ਗ੍ਰੰਥ ਦੇ ਆਖਰ ਵਿਚ ਇਹ ਚੌਪਈ ਹੈ।

ਸੰਬਤ ਸੱਤ੍ਰਹ ਸਹਸ ਭਣਿੱਜੈ ॥
ਅਰਧ ਸਹਸ ਫੁਨਿ ਤੀਨਿ ਕਹਿੱਜੈ ॥
ਭਾਦਵ ਸੁਦੀ ਅਸਟਮੀ ਰਵਿਵਾਰਾ ॥
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ ॥ ੪੦੫ ॥

ਐਤਵਾਰ ਨੂੰ ਭਾਦਰੋਂ ਸੁਦੀ ਅਸ਼ਟਮੀ ੧੭੫੩ ਨੂੰ ਸਤਲੁਜ ਦੇ ਕਿਨਾਰੇ ਲਿਖਿਆ।

(੫) ਅੰਤ ਵਿਚ ਰਾਜੇ ਨੇ ਉਸ ਇਸਤ੍ਰੀ ਤੇ ਉਸ ਦੇ ਭਰਾ ਨੂੰ ੨੦੦੦ ਟਕਾ ਛਮਾਈ ਲਗਾ ਦਿੱਤਾ। ਪੰਜਾਬ ਤੇ ਉੱਤਰ ਭਾਰਤ ਵਿਚ ਰੁਪੈ ਤੇ ਮੋਹਰਾਂ ਹੁੰਦੀਆਂ ਸਨ। ਟਕਾ ਬੰਗਲਾ ਦੇਸ਼ ਤੇ ਉਸ ਦੇ ਆਸ ਪਾਸ ਹੁੰਦਾ ਹੈ, ਇਹ ਕਹਾਣੀ ਪੰਜਾਬ ਦੀ ਨਹੀਂ, ਉਸ ਪਾਸੇ ਦੀ ਹੈ।

ਦਸਮ ਗ੍ਰੰਥ ਵਿੱਚ ਇਹ ਕਹਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ :-- "ਚਿਤਰਸੁਤੀ ਨਗਰੀ ਦਾ ਰਾਜਾ ਚਿਤਰ ਸਿੰਘ ਸੀ ਉਸ ਦੇ ਘਰ ਮਾਲ-ਦੌਲਤ ਹਸਤੀ ਘੋੜੇ ਬਹੁਤ ਸਨ। ਉਹ ਬਹੁਤ ਰੂਪ ਵਾਲਾ ਸੀ ਅਤੇ ਇਕ ਇੰਦਰ ਲੋਕ ਦੀ ਅੱਪਸ਼ਰਾ ਉਥੇ ਆ ਗਈ ਤੇ ਰਾਜੇ ਦਾ ਰੂਪ ਵੇਖ ਕੇ ਮੋਹਿਤ ਹੋ ਗਈ। ਉਸ ਨੇ ਇਕ ਦੂਤੀ ਹਥ ਰਾਜਾ ਨੂੰ ਸੁਨੇਹਾ ਭੇਜਿਆ ਕਿ ਜੇ ਤੂੰ ਮੈਨੂੰ ਨਾ ਵਿਆਹੇਂਗਾ। ਤਦ ਮੈਂ ਜਾਂ ਤਾਂ ਜ਼ਹਿਰ ਪੀ ਲਵਾਂਗੀ ਜਾਂ ਕਟਾਰ ਮਾਰ ਕੇ ਮਰ ਜਾਵਾਂਗੀ। ਰਾਜੇ ਨੇ ਉਸ ਨਾਲ ਵਿਆਹ ਕਰ ਲਿਆ ਤੇ ਉਸ ਤੋਂ ਇਕ ਪੁਤਰ ਪੈਦਾ ਹੋਇਆ ਜੋ ਬਹੁਤ ਹੀ ਸੁੰਦਰ ਤੇ ਰੂਪ ਵਾਲਾ ਸੀ। ਬਹੁਤ ਵਰਸ ਉਹ ਅਪੱਸ਼ਰਾ ਰਾਜੇ ਪਾਸ ਰਹੀ ਤੇ ਫਿਰ ਮੁੜ ਇੰਦਰ ਲੋਕ ਵਲ ਉੱਡ ਗਈ ਤੇ ਰਾਜਾ ਬਹੁਤ ਦੁਖੀ ਹੋਇਆ। ਉਸ ਨੇ ਆਪਣੇ ਮੰਤਰੀ ਬੁਲਾ ਲਏ ਤੇ ਵੱਖ ਵੱਖ ਪਾਸੇ ਭੇਜੇ ਕਿ ਉਹ ਅੱਪਸ਼ਰਾ ਵਰਗੇ ਰੂਪ ਦੀ ਕੰਨਿਆਂ ਦੀ ਭਾਲ ਕਰਨ। ਆਖਰ ਇਹ ਪਤਾ ਲੱਗਾ ਕਿ ਉੜੀਸਾ ਦੇਸ਼ ਦੇ ਰਾਜੇ ਦੀ ਕੰਨਿਆ ਉਸ ਅੱਪਸ਼ਰਾ ਤੋਂ ਵੀ ਜ਼ਿਆਦਾ ਰੂਪਵਾਨ ਤੇ ਗੁਣਵਾਨ ਹੈ। ਇਹ ਸੁਣਕੇ ਰਾਜੇ ਨੇ ਦਲ ਇਕੱਠਾ ਕੀਤਾ ਤੇ ਯੁੱਧ ਦੀ ਤਿਆਰੀ ਕੀਤੀ। ਉੜੀਸਾ ਦੇ ਰਾਜੇ ਨਾਲ ਜੰਗ ਕਰਕੇ ਉਸ ਨੂੰ ਮਾਰ ਦਿੱਤਾ ਤੇ ਉਸ ਦੀ ਲੜਕੀ ਨੂੰ ਪਕੜ ਲਿਆ। ਰਾਜੇ ਦਾ ਜਰਨੈਲ ਹਨਿਵੰਤ ਸਿੰਘ ਅੱਗੇ ਵਧ ਕੇ ਬੜੀ ਬਹਾਦਰੀ ਨਾਲ ਲੜਿਆ ਸੀ। ਭਾਵੇਂ ਰਾਜੇ ਨੇ ਵਿਆਹ ਕਰ ਲਿਆ, ਪਰ ਰਾਣੀ ਚਿਤਰਮਤੀ ਹਨਿਵੰਤ ਦੇ ਪ੍ਰੇਮ ਵਿਚ ਗਰਸੀ ਗਈ। ਲਿਖਿਆ ਹੈ :



Digitized by Panjab Digital Library | www.panjabdigilib.org

"ਉੱਤਛੇਸ ਜਾ ਕੀ ਹਿਤੂ ਚਿੱਤ੍ਰਮਤੀ ਤਿਹ ਨਾਮ ॥
ਹਨਿਵਤਿ ਸਿੰਘਹਿ ਸੋ ਰਹੈ ਚਿਤਵਤ ਆਠੋ ਜਾਮ ॥" ੧੮ ॥

ਰਾਜੇ ਨੇ ਆਪਣੇ ਪੁੱਤਰ ਨੂੰ ਜੋ ਅਪੱਛਰਾਂ ਵਿਚੋਂ ਸੀ ਬੁਲਾ ਭੇਜਿਆ। ਉਹ ਮਹਿਲ ਵਿਚ ਮਾਤਾ ਰਾਣੀ ਨੂੰ ਮਿਲਣ ਗਿਆ। ਰਾਣੀ ਦਾ ਦਿਲ ਭਰਮ ਗਿਆ ਅਤੇ ਲੜਕੇ ਨਾਲ ਪਿਆਰ ਦੀਆਂ ਗੱਲਾਂ ਕਰਦੀ ਰਹੀ ਪਰ ਰਾਜੇ ਦੇ ਲੜਕੇ ਨੇ ਨਹੀਂ ਮੰਨਿਆਂ। ਅੱਗੋਂ ਅਸਲ ਮੂਲ ਵਿਚ ਦਿੰਦਾ ਹਾਂ:

ਵਾਂ ਕੀ ਕਹੀ ਨ ਨ੍ਰਿਪ ਸੁਤ ਮਾਨੀ ॥
ਚਿੱਤ੍ਰਮਤੀ ਤਬ ਭਈ ਖਿਸਾਨੀ ॥
ਚਿੱਤ੍ਰ ਸਿੰਘ ਪੈ ਜਾਇ ਪੁਕਾਰੋ ॥
ਬਡੋ ਦੁਸਟ ਇਹ ਪੁਤ੍ਰ ਤੁਹਾਰੋ ॥ ੨੮ ॥
॥ ਦੋਹਰਾ ॥ ਫਾਰਿ ਚੀਰ ਕਰ ਆਪਨੇ ਮੁਖ ਨਖ ਘਾਇ ਲਗਾਇ ॥
ਰਾਜਾ ਕੋਂ ਰੋਖਿਤ ਕਿਯੋ ਤਨ ਕੇ ਚਿਹਨ ਦਿਖਾਇ ॥ ੨੯ ॥
ਚੌਪਈ ॥ ਬਚਨ ਸੁਨਤ ਕ੍ਰੁੱਧਿਤ ਨ੍ਰਿਪ ਭਯੋ ॥
ਮਾਰਨ ਹੇਤ ਸੁਤਹਿ ਲੈ ਗਯੋ ॥
ਮੰਤ੍ਰਿਨ ਆਨਿ ਰਵਿ ਸਮੁਝਾਯੋ ॥
ਤ੍ਰਿਯਾ ਚਰਿੱਤ੍ਰ ਨ ਕਿਨਹੂੰ ਪਾਯੋ ॥ ੩੦ ॥ ੧ ॥

(ਦਸਮ ਚਰਿਤ੍ਰ 2)

ਇਸ ਤਰ੍ਹਾਂ ਮੰਤਰੀ ਭੂਪ (ਰਾਜੇ) ਨੂੰ ਵਾਰੀ ਵਾਰੀ ਕਈ ਇਸਤਰੀ ਚਰਿਤਰ ਸੁਣਾਉਂਦਾ ਹੈ ਤੇ ਰਾਜੇ ਨੂੰ ਕਹਿੰਦਾ ਹੈ ਕਿ ਰਾਜ ਕੁਮਾਰ ਨੂੰ ਨਾ ਮਾਰ ਅਤੇ ਹਰ ਕਹਾਣੀ ਦੇ ਬਾਦ ਚਰਿਤਰੋ ਮੰਤਰੀ ਭੂਪ ਸੰਬਾਦੇ——।

ਰਾਜਾ ਪੁਤਰ ਨੂੰ ਕੈਦਖਾਨੇ ਭੇਜ ਦਿੰਦਾ ਹੈ। ਦੂਜੇ ਦਿਨ ਫਿਰ ਸਵੇਰੇ ਜਦ ਮੰਤਰੀ ਆਉਂਦਾ ਹੈ ਤਾਂ ਕੁਮਾਰ ਨੂੰ ਬੁਲਾਉਂਦਾ ਹੈ ਤੇ ਮੰਤਰੀ ਚਰਿਤਰ ਦੀ ਹੋਰ ਕਹਾਣੀ ਸੁਣਾਉਂਦਾ ਹੈ। ਇਸ ਤਰ੍ਹਾਂ ਇਹ ਸਾਰੀਆਂ ਕਹਾਣੀਆਂ ਖਤਮ ਹੁੰਦੀਆਂ ਹਨ।

ਇਕ ਗੱਲ ਖਾਸ ਦਸਣ ਵਾਲੀ ਹੈ ਕਿ ਗੁਰੂ ਮਹਾਰਾਜ ਨੇ ਕੁਝ ਚਰਿਤਰ ਸਥਾਨਕ ਬਣਾ ਲਿਤੇ ਹਨ। ਸਿਰਫ ਰੂਪ ਕੌਰ ਦਾ ਹੀ ਚਰਿਤਰ ਨਹੀਂ, ਹੋਰ ਵੀ।

ਇਹ ਕਹਾਣੀ ਪੂਰਨ ਭਗਤ ਤੇ ਟੁੰਡੇ ਅਸਰਾਜੇ ਨਾਲ ਮਿਲਦੀ-ਜੁਲਦੀ ਹੈ। ਮਲੂਮ ਹੁੰਦਾ ਹੈ ਕਿ ਮੀਆਂ ਕਾਦਰ ਯਾਰ ਨੇ ਵੀ ਇਹ ਕਹਾਣੀ ਸੁਣੀ ਜਾਂ ਪੜ੍ਹੀ ਤੇ



Digitized by Panjab Digital Library | www.panjabdigilib.org

ਉਸ ਨੇ ਮਿਥਾਨਕ ਰੰਗ ਦੇਣ ਲਈ ਇਹ ਕਹਾਣੀ ਸਿਆਲਕੋਟ ਵਿਚ ਵਾਪਰੀ ਲਿਖਿਆ। ਉਸ ਲਿਖਿਆ ਹੈ ਕਿ "ਆ ਸਖੀ ! ਸਿਆਲਕੋਟ ਅੰਦਰ ਪੂਰਨ ਪੁਤ ਸਲਵਾਨ ਦੇ ਜਾਇਆ ਏ।" ਪਰ ਇਤਿਹਾਸ ਦਸਦਾ ਹੈ ਕਿ ਸਲਵਾਨ ਕਦੀ ਸਿਆਲਕੋਟ ਦਾ ਰਾਜਾ ਨਹੀਂ ਹੋਇਆ। ਵੇਖਿਆ ਜਾਵੇ ਤਦ ਸਲਵਾਨ ਰਾਜਾ ਮੁਲਤਾਨ ਦਾ ਹੋਇਆ ਹੈ ਤੇ ਉਸ ਦੇ ਨਾਮ ਤੇ ਸੰਮਤ ਸ਼ਾਖਾ ਚਲਿਆ ਹੈ। ਪਰ ਇਹ ਕਹਾਣੀ ਇਤਨੀ ਪ੍ਰਸਿਧ ਹੋਈ ਕਿ ਸਿਆਲਕੋਟ ਵਿਚ ਪੂਰਨ ਭਗਤ ਦਾ ਖੂਹ ਵੀ ਬਣ ਗਿਆ। ਅੱਗੇ ਜਾ ਕੇ ਜਦ ਪੂਰਨ ਭਗਤ ਆਪਣੀ ਵਾਰਤਾ ਗੋਰਖ ਨਾਥ ਨੂੰ ਦਸਦਾ ਹੈ ਤਾਂ ਕਹਿੰਦਾ ਹੈ ਕਿ ਸਾਡਾ ਸ਼ਹਿਰ ਉਜੈਨ ਹੈ ਤੇ ਮੇਰੇ ਬਾਪ ਦਾਦਾ ਨੇ ਸਿਆਲਕੋਟ ਮੱਲ ਲਿਆ ਤੇ ਮੈਂ ਸਲਵਾਨ ਰਾਜੇ ਦਾ ਪੁਤਰ ਹਾਂ। ਇਸੇ ਤਰ੍ਹਾਂ ਇਹ ਕਹਾਣੀ ਟੁੰਡੇ ਅਸਰਾਜੇ ਦੀ ਕਥਾ ਨਾਲ ਵੀ ਮਿਲਦੀ ਹੈ।

## ਸੋਲਵੇਂ ਚਰਿੱਤਰ ਦੀ ਕਥਾ ਇਸ ਤਰ੍ਹਾਂ ਹੈ

ਸਤਲੁਜ ਦਰਿਆ ਦੇ ਕੰਢੇ ਇਕ ਰਾਜੇ ਨੇ ਨਗਰ ਵਸਾਇਆ ਤੇ ਉਸ ਵਿਚ ਰਹਿ ਕੇ ਧਰਮ ਦਾ ਰਾਜ ਕੀਤਾ। ਇਕ ਵੇਸਵਾ ਜਿਸ ਦਾ ਨਾਮ ਛਜਿਧਾ, ਉਹ ਉਥੇ ਪੈਸੇ ਕਮਾਉਣ ਲਈ ਆਈ ਸੀ। ਉਸ ਦੀ ਗੋਲੀ ਦਾ ਨਾਮ ਲਧੀਆ ਸੀ। ਉਹ ਰਾਜੇ ਨੂੰ ਦੇਖਕੇ ਉਸ ਉਤੇ ਮੋਹਿਤ ਹੋ ਗਈ ਤੇ ਉਸ ਨੂੰ ਵੱਸ ਕਰਨ ਦੇ ਬਹੁਤ ਯਤਨ ਕੀਤੇ ਤੇ ਜਾਦੂ ਟੂਣੇ ਵੀ ਕੀਤੇ ਪਰ ਕੁਝ ਨਾ ਬਣਿਆ। ਫਿਰ ਇਕ ਜੋਗੀ ਦਾ ਭੇਸ ਧਾਰ ਕੇ, ਭਗਵੇਂ ਕਪੜੇ ਪਾ ਕੇ, ਰਾਜੇ ਦੇ ਦਰਬਾਰ ਵਿਚ ਗਈ। ਤਦ ਰਾਜੇ ਨੇ ਵਿਚਾਰ ਕੀਤੀ ਕਿ ਜੋਗੀ ਤਾਂ ਕਰਾਮਾਤੀ ਹੁੰਦੇ ਹਨ ਕਿਉਂ ਨਾ ਇਨ੍ਹਾਂ ਪਾਸੋਂ ਕੋਈ ਸ਼ਕਤੀ ਜਾਂ ਮੰਤਰ ਲੈ ਲਵਾਂ, ਜਿਸ ਨਾਲ ਆਪ ਵੀ ਸੁਖੀ ਹੋਵਾਂ ਤੇ ਪਰਜਾ ਵੀ ਸੁਖੀ ਵਸੇ। ਇਸ ਲਈ ਉਸ ਨੇ ਆਪਣਾ ਆਦਮੀ ਜੋਗੀ ਪਾਸ ਭੇਜਿਆ ਕਿ ਜੇ ਹੋ ਸਕੇ ਤਾਂ ਕੋਈ ਸ਼ਕਤੀ ਮਿਲ ਜਾਵੇ। ਜੋਗੀ ਨੇ ਕਿਹਾ ਕਿ ਰਾਜਾ ਰਾਤ ਨੂੰ ਆ ਜਾਵੇ। ਜਦ ਰਾਜਾ ਰਾਤ ਨੂੰ ਜੋਗੀ ਪਾਸ ਗਿਆ ਤਦ ਹੋਰ ਆਦਮੀ ਵੀ ਉਸ ਦੇ ਨਾਲ ਸਨ। ਜੋ ਉਥੇ ਸਨ ਸਭ ਉਠਾ ਦਿਤੇ ਤੇ ਜਦ ਰਾਜਾ ਇਕੱਲਾ ਰਹਿ ਗਿਆ, ਤਦ ਉਸਨੂੰ ਜੋਗੀ ਨੇ ਕਿਹਾ ਕਿ ਮੇਰੇ ਵਿਚ ਉਹ ਤਾਕਤ ਹੈ ਕਿ ਮਰਦ ਤੋਂ ਇਸਤਰੀ ਹੋ ਜਾਵਾਂ ਤੇ ਇਸਤਰੀ ਤੋਂ ਮਰਦ ਬਣ ਜਾਵਾਂ। ਜੇਕਰ ਤੂੰ ਮੰਤਰ ਸਿਖਣਾ ਹੈ ਤਾਂ ਪਹਿਲਾਂ ਇਸਤਰੀ ਨਾਲ ਭੋਗ ਕਰ। ਰਾਜੇ ਨੇ ਕਿਹਾ ਕਿ ਉਪਦੇਸ਼ ਦੇਣ ਵਾਲਾ ਮਰਦ ਪਿਤਾ ਸਮਾਨ ਹੁੰਦਾ ਹੈ ਤੇ ਉਪਦੇਸ਼ ਦੇਣ ਵਾਲੀ ਨਾਰੀ



Digitized by Panjab Digital Library | www.panjabdigilib.org

ਮਾਤਾ ਸਮਾਨ ਹੁੰਦੀ ਹੈ। ਤਦ ਉਸ ਨੇ ਸਾਫ ਕਹਿ ਦਿੱਤਾ ਕਿ ਤੇਰੇ ਮੇਲ ਲਈ ਹੀ ਇਹ ਭੇਖ ਬਣਾਇਆ ਹੈ।

ਜੇਕਰ ਤੂੰ ਮੇਰਾ ਕਿਹਾ ਨਹੀਂ ਮੰਨੇਗਾ ਤਦ ਚੋਰ ਬਣਾ ਕੇ ਕੈਦ ਕਰਵਾ ਦੇਵਾਂਗੀ ਜਾਂ ਮਰਵਾ ਦੇਵਾਂਗੀ। ਆਖਰ ਰਾਜੇ ਨੇ ਇਹ ਜਾਣਿਆ ਕਿ ਇਹ ਇਸਤਰੀ ਕਿਸ ਤਰ੍ਹਾਂ ਨਹੀਂ ਛੱਡੇਗੀ। ਤਦ ਉਸ ਨੇ ਉਸ ਨਾਲ ਪਿਆਰ ਦੀਆਂ ਗੱਲਾਂ ਸ਼ੁਰੂ ਕੀਤੀਆਂ ਤੇ ਕਿਹਾ ਕਿ ਭੰਗ ਤੇ ਪੋਸਤ ਅਤੇ ਅਫੀਮ ਮੰਗਵਾ ਲਵੋ। ਆਪ ਵੀ ਪੀਉ ਤੇ ਮੈਨੂੰ ਵੀ ਪਿਲਾਉ। ਸੋ ਰਾਜੇ ਨੇ ਸ਼ਰਾਬ ਦੇ ਪਿਆਲੇ ਭਰ ਭਰ ਕੇ ਉਸ ਨੂੰ ਪਿਆਏ। ਰਾਜੇ ਨੇ ਆਪ ਥੋੜੀ ਪੀਤੀ ਤਦ ਉਹ ਬੇਸੁਧ ਹੋਕੇ ਮੰਜੇ ਤੇ ਲੇਟ ਗਈ। ਉਸ ਵੇਲੇ ਰਾਜਾ ੬੦ ਮੋਹਰਾਂ ਉਸਦੇ ਪਾਸ ਛੱਡ ਕੇ ਘਰ ਆ ਗਿਆ ਤੇ ਨਾ ਹੀ ਕਿਸੇ ਨੇ ਦੇਖਿਆ ਤੇ ਕਿਸੇ ਨੂੰ ਪਤਾ ਲੱਗਾ। ਰਾਜੇ ਨੇ ਪ੍ਰਣ ਕੀਤਾ ਕਿ ਸ਼ੁਕਰ ਹੈ ਮੇਰਾ ਧਰਮ ਬਚ ਗਿਆ। ਜਗ੍ਹਾ ਜਗ੍ਹਾ ਤੋਂ ਲੋਕ ਮੇਰੇ ਪਾਸ ਆਉਂਦੇ ਹਨ ਤੇ ਦੂਜੀ ਇਸਤਰੀ ਦੇ ਪਾਸ ਜਾਣਾ ਬੜਾ ਪਾਪ ਹੈ।

ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇੱਕੀਵੇਂ ਚਰਿਤਰ ਵਿਚ ਜੋ ਪ੍ਰਚਾਰਕ ਜਾਂ ਲਿਖਾਰੀ ਅਨੂਪ ਕੌਰ ਦਾ ਨਾਮ ਕਿਥੋਂ ਤੇ ਕਿਸ ਤਰ੍ਹਾਂ ਲਿਆ ਹੈ। ੨੧, ੨੨, ੨੩ ਚਰਿਤਰ ਜੁੜਵੇਂ ਹਨ। ਇਹ ਤਿੰਨੇ ਚਰਿਤਰ ਇਕ ਲੜੀ ਵਿਚ ਹਨ। ਇਨ੍ਹਾਂ ਵਿਚ ਕਿਧਰੇ ਅਨੂਪ ਕੌਰ ਦਾ ਨਾਮ ਨਹੀਂ।

ਇਤਿਹਾਸ ਵਿਚ ਇਕ ਅਨੂਪ ਕੌਰ ਦਾ ਜ਼ਿਕਰ ਤਾਂ ਜ਼ਰੂਰ ਆਉਂਦਾ ਹੈ। ਖਿਆਲ ਹੈ ਉਹ ਮਾਤਾ ਜੀ ਦੀ ਦਾਸੀ ਤੇ ਪੂਰਨ ਸਿੱਖ ਸੀ। ਸਰਸਾ ਨਦੀ ਦੇ ਕੰਢੇ ਜਦੋਂ ਸਾਰਾ ਟੱਬਰ ਵੱਖ ਵੱਖ ਹੋ ਗਿਆ ਤੇ ਸਿੰਘ ਵੀ ਵੱਖ ਵੱਖ ਹੋ ਗਏ। ਤਦ ਅਨੂਪ ਕੌਰ ਮੁਸਲਮਾਨਾਂ ਦੇ ਕਾਬੂ ਆ ਗਈ ਤੇ ਨਵਾਬ ਸਰਹੰਦ ਨੇ ਉਸ ਨੂੰ ਮੁਸਲਮਾਨ ਬਨਾਉਣ ਤੇ ਆਪਣੀ ਇਸਤਰੀ ਬਨਾਉਣ ਲਈ ਬਹੁਤ ਤਸੀਹੇ ਦਿਤੇ ਪਰ ਉਹ ਡੋਲੀ ਨਹੀਂ ਤੇ ਸਿੱਖੀ ਵਿਚ ਪੱਕੀ ਰਹੀ। ਨਵਾਬ ਦੀ ਪ੍ਰਵਾਹ ਨਹੀਂ ਕੀਤੀ। ਨਵਾਬ ਨੇ ਉਸਨੂੰ ਕਤਲ ਕਰਕੇ ਇਕ ਕਬਰ ਵਿਚ ਦਫਨਾਂ ਦਿਤਾ। ਜਦ ਬੰਦਾ ਬਹਾਦਰ ਨੇ ਸਰਹੰਦ ਫਤਹਿ ਕੀਤਾ ਤੇ ਉਹ ਕਬਰ ਪੁਟ ਕੇ ਜੋ ਕੁਝ ਹੱਡੀਆਂ ਆਦਿ ਸਨ ਦੀ ਪ੍ਰਾਪਤੀ ਕੀਤੀ ਤੇ ਉਹਨਾਂ ਦਾ ਸਸਕਾਰ ਕਰ ਦਿਤਾ।

ਇੱਕੀਵੇਂ ਚਰਿਤ੍ਰ ਵਿਚ ਆਨੰਦ ਪੁਰ ਲਿਖ ਕੇ ਸਥਾਨੀ ਰੰਗ ਦਿਤਾ ਹੈ। ਸਭ ਤੋਂ ਪਹਿਲਾਂ ਉਪਦੇਸ਼ਕਾਂ ਪਾਸ ਦਸਮ ਪਾਤਸ਼ਾਹ ਨਾਲ ਵਰਤੀ, ਇਸ ਤਰ੍ਹਾਂ ਸੁਣੀ ਸੀ ਕਿ ਆਨੰਦਪੁਰ ਵਿਚ ਇਕ ਇਸਤਰੀ ਅਨੂਪ ਕੌਰ ਰਹਿੰਦੀ ਸੀ, ਉਸ ਨੇ ਆਪਣੇ ਨੌਕਰ



Digitized by Panjab Digital Library | www.panjabdigilib.org

ਨੂੰ ਭੇਜ ਕੇ ਗੁਰੂ ਮਹਾਰਾਜ ਨੂੰ ਬੁਲਾਇਆ, (ਉਸ ਚਰਿਤਰ ਵਿਚ ਇਹ ਲਿਖਿਆ ਹੈ ਕਿ ਨੌਕਰ ਨੇ ਰਾਜੇ ਨੂੰ ਕਿਹਾ ਕਿ ਜੇ ਤੂੰ ਮੰਤਰ ਸਿਖਣੇ ਹੈਨ, ਤਦ ਮੇਰੇ ਨਾਲ ਆਓ।) ਸਤਿਗੁਰੂ ਜੀ ਨੂੰ ਮੰਤਰ ਸਿੱਖਣ ਦੀ ਕੋਈ ਲੋੜ ਸੀ ? ਉਪਦੇਸ਼ਕਾਂ ਦੇ ਕਹਿਣ ਅਨੁਸਾਰ ਉਸ ਇਸਤਰੀ ਨੇ ਗੁਰੂ ਮਹਾਰਾਜ ਨੂੰ ਕਿਹਾ, ਕਿ ਮੈਂ ਤੁਹਾਡੇ ਤੋਂ ਤੁਹਾਡੇ ਵਰਗਾ ਇਕ ਪੁਤਰ ਚਾਹੁੰਦੀ ਹਾਂ। ਗੱਲਾਂ ਤਾਂ ਬਹੁਤ ਹੋਈਆਂ ਪਰ ਆਖਿਰ ਨੂੰ ਗੁਰੂ ਮਹਾਰਾਜ ਨੇ ਕਿਹਾ, ਕਿ ਮੇਰੇ ਵਰਗਾ ਤਾਂ ਮੈਂ ਹੀ ਹੋ ਸਕਦਾ ਹਾਂ। ਤੇ ਉਸ ਦੀ ਛਾਤੀ ਨੂੰ ਮੂੰਹ ਵਿਚ ਲੈ ਕੇ ਕਿਹਾ ਕਿ ਮੈਂ ਹੀ ਤੇਰਾ ਪੁਤਰ ਹਾਂ? ਇਹ ਸੁਣੀ ਸੁਣਾਈ ਗੱਲ ਕੁਝ ਆਪਣੇ ਵਲੋਂ ਵਧਾ ਕੇ ਗੱਲਾਂ ਕਰਦੇ ਸਨ। ਪਰ ਇਹ ਗੱਲ ਇਸ ਚਰਿਤਰ ਵਿਚ ਕਿਧਰੇ ਵੀ ਨਹੀਂ, ਦੂਜਿਆਂ ਦਾ ਕਹਿਣਾ ਕੀ ਹੈ ਪਰ ਸ਼ਰੋਮਣੀ ਕਮੇਟੀ ਦੇ ਮਾਹਵਾਰੀ ਰਸਾਲੇ ਗੁਰਮਤ ਪ੍ਰਕਾਸ਼ ਵਿਚ ਇਹ ਕਹਾਣੀ ਗੁਰੂ ਮਹਾਰਾਜ ਨਾਲ ਹੋਈ ਵਰਤੀ ਦਸੀ ਗਈ ਹੈ। ਜੋ ਗੱਲਾਂ ਉਸ ਇਸਤਰੀ ਨਾਲ ਰਾਜੇ ਦੀਆਂ ਹੋਈਆਂ, ਉਹ ਬਹੁਤ ਸਿਖਿਆ ਦਾਇਕ ਹੈਨ। ਉਹ ਦਰਜ ਕਰਕੇ ਕਹਾਣੀ ਨੂੰ ਖਤਮ ਕਰ ਦਿਤਾ ਹੈ। ਪਰ ਜੋ ਅੰਤ ਨਤੀਜਾ ਹੋਇਆ ਉਸ ਦਾ ਜ਼ਿਕਰ ਨਹੀਂ ਕੀਤਾ। ਜਦ ਰਾਜਾ ਕਿਸੇ ਤਰ੍ਹਾਂ ਨਹੀਂ ਮੰਨਿਆਂ, ਤਦ ਉਸ ਇਸਤਰੀ ਨੇ ਚੋਰ ਚੋਰ ਦਾ ਰੌਲਾ ਕੀਤਾ ਤੇ ਰਾਜਾ ਆਪਣੀ ਜੁੱਤੀ ਤੇ ਰੇਸ਼ਮੀ ਚਾਦਰ ਉਥੇ ਛਡ ਕੇ ਭਜ ਪਿਆ। ਇਸ ਗੱਲ ਦਾ ਜ਼ਿਕਰ ਨਹੀਂ ਕੀਤਾ।

ਗੁਰਮਤ ਪ੍ਰਕਾਸ਼ ਵਿਚ ਛਪੀ ਕਹਾਣੀ ਪੜ੍ਹ ਕੇ ਇਕ ਉਚ ਵਿਦਵਾਨ ਨੇ ਜਿਸ ਦੀ ਮੈਂ ਬਹੁਤ ਇੱਜ਼ਤ ਕਰਦਾ ਹਾਂ। ਉਸ ਕਹਾਣੀ ਦੀ ਬੜੀ ਸ਼ਲਾਘਾ ਕੀਤੀ ਅਤੇ ਅਗਲੇ ਪਰਚੇ ਵਿਚ Certificate ਵੀ ਛਾਪ ਦਿਤਾ।

ਇਕ ਹੋਰ ਰਸਾਲੇ ਵਿਚ ਇਕ ਸੱਜਣ ਨੇ ਦੋ ਕਹਾਣੀਆਂ ਦਾ ਹਾਲ ਦਸਿਆ, ਪਰ ਇਹ ਵੀ ਲਿਖਿਆ ਕਿ ਚੋਰ ਸਮਝ ਕੇ ਰਾਜੇ ਨੂੰ ਬਹੁਤ ਮਾਰ ਤੇ ਉਸ ਦੀਆਂ ਮੁਸ਼ਕਾਂ ਬੰਨ੍ਹ ਲਈਆਂ ਇਹ ਗਲਤ ਹੈ ਜਦ ਰਾਜਾ ਨਠਿਆ ਤਦ ਸਭ ਤੋਂ ਪਹਿਲਾਂ ਉਸ ਇਸਤਰੀ ਦਾ ਭਰਾ ਪੁੱਜਾ ਤੇ ਰਾਜੇ ਨੇ ਉਸ ਦੀ ਪਗੜੀ ਲਾਹ ਕੇ ਉਸ ਦੀ ਮੁਸ਼ਕਾਂ ਬੰਨ੍ਹੀਆਂ ਤੇ ਚੋਰ ਚੋਰ ਕਰਕੇ ਉਸ ਨੂੰ ਮਾਰਨ ਲਗਾ। ਫਿਰ ਜੋ ਵੀ ਪੁੱਜਾ ਉਸ ਨੇ ਵੀ ਮਾਰਨਾ ਸ਼ੁਰੂ ਕਰ ਦਿਤਾ। ਭਾਵੇਂ ਉਹ ਇਸਤਰੀ ਕਹਿੰਦੀ ਰਹੀ ਕਿ ਇਹ ਮੇਰਾ ਭਰਾ ਹੈ।

"ਭ੍ਰਾਤ ਭ੍ਰਾਤ ਤ੍ਰਿਯ ਕਹਿ ਰਹੀ ਕੋਊ ਨ ਸਕਯੋ ਛੁਰਾਇ" ॥੭॥

ਤੇ ਰਾਜੇ ਨੇ ਉਸਨੂੰ ਜੇਲ੍ਹ ਭੇਜ ਆਪ ਆਪਣੇ ਮਹਿਲਾਂ ਵਿਚ ਜਾ ਸੁੱਤਾ। ਜੇ ਰਾਜੇ ਨੂੰ ਮਾਰ ਪੈਂਦੀ ਤੇ ਉਹ ਮੂਰਛਾ ਹੋ ਜਾਂਦਾ ਤਦ ਉਹ ਉਸ ਇਸਤ੍ਰੀ ਦੇ ਭਰਾ ਨੂੰ ਕੈਦ ਕਿਸ ਤਰ੍ਹਾਂ ਕਰਦਾ ਤੇ



Digitized by Panjab Digital Library | www.panjabdigilib.org

ਆਪ ਮਹਿਲਾਂ ਵਿਚ ਆ ਜਾਂਦਾ।

ਮੈਂ ਹੁਣ ਥੋੜੇ ਸ਼ਬਦਾਂ ਵਿਚ ਇਹੋ ਤਿੰਨੇ ਕਹਾਣੀਆਂ ਲਿਖ ਦੇਂਦਾ ਹਾਂ ਕਿ ਪੜ੍ਹਨ ਵਾਲੇ ਆਪਣੀ ਤਸੱਲੀ ਕਰ ਲੈਣ। ਜਿਸ ਤਰ੍ਹਾਂ ਪਿਛੇ ਲਿਖਿਆ ਹੈ ਕਿ ਰਾਜਾ ਚਿਤਰ ਸਿੰਘ ਆਪਣੇ ਪ੍ਰਭੂ ਨੂੰ ਕੈਦਖਾਨੇ ਪੁਜਾ ਦੇਂਦਾ ਹੈ ਕਿ ਸਵੇਰੇ ਮੁੜ ਬੁਲਾ ਕੇ ਉਸ ਦਾ ਮੰਤਰੀ ਉਸ ਨੂੰ ਹੋਰ ਚਰਿਤਰ ਸੁਣਾਂਦਾ ਹੈ। ਹਰ ਕਹਾਣੀ ਦੇ ਬਾਅਦ "ਭੂਪ ਮੰਤ੍ਰੀ ਸੰਬਾਦੇ" ਲਿਖਿਆ ਜਾਂਦਾ ਹੈ। ਇਕੀਸਵੀਂ ਕਹਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ!

ਦੋਹਰਾ॥ ਭੂਪ ਬੰਦ ਗ੍ਰਿਹ ਨਿਜੁ ਸੁਤਹਿ ਗਹਿ ਕਰਿ ਦਿਯੋ ਪਠਾਇ॥
ਪ੍ਰਾਤ ਸਮੈ ਮੰਤ੍ਰੀ ਸਹਿਤ ਬਹੁਰੋ ਲਿਯੋ ਬੁਲਾਇ॥੧॥

ਮੰਤਰੀ ਕਹਾਣੀ ਸੁਣਾਂਦਾ ਹੈ ਕਿ ਸਤਲੁਜ ਦੇ ਕਿਨਾਰੇ ਪੁਰ ਅਨੰਦ ਇਕ ਗਾਉਂ ਸੀ ਉਥੇ ਸਿਖ ਸਖਾ ਬਹੁਤ ਆਂਵਦੇ ਸਨ ਤੇ ਮਨ ਬਾਂਛਤ ਫਲ ਪਾਂਵਦੇ ਸਨ। ਇਕ ਤ੍ਰਿਯਾ ਉਸ ਨੱਗਰ ਵਿਚ ਆਈਓ ਤੇ ਰਾਇ ਨੂੰ ਦੇਖ ਕੇ ਮੋਹਤ ਹੋ ਗਈ। (ਇਨ੍ਹਾਂ ਕਹਾਣੀਆਂ ਵਿਚ ਕਿਧਰੇ ਰਾਜਾ ਤੇ ਕਿਧਰੇ ਰਾਇ ਵਰਤਿਆ ਗਿਆ ਹੈ) ਉਸ ਦਾ ਇਕ ਨੌਕਰ ਮਗਨ ਦਾਸ ਸੀ ਉਸ ਨੂੰ ਬੁਲਾ ਕੇ ਕ੍ਰਛ ਧਨ ਦਿੱਤਾ ਤੇ ਕਿਹਾ ਕਿ ਜੇ ਤੂੰ ਰਾਜੇ ਨੂੰ ਮੇਰੇ ਪਾਸ ਲੈ ਆਵੇਂ ਤਦ ਬਹੁਤ ਧਨ ਦੇਵਾਂਗੀ। ਮਗਨ ਦਾਸ ਰਾਜੇ ਪਾਸ ਜਾਂਦਾ ਹੈ ਤੇ ਕਹਿੰਦਾ ਹੈ: "ਜੇ ਤੁਸੀਂ ਮੰਤ੍ਰ ਸਿਖਣਾ ਚਾਹੋ ਤਦ ਮੇਰੇ ਸਾਥ ਆਓ!" "ਕੀ ਗੁਰੂ ਮਹਾਂਰਾਜ ਨੂੰ ਮੰਤ੍ਰ ਸਿਖਣ ਦੀ ਲੋੜ ਸੀ?"

"ਸਿਖਯੋ ਚਹਤ ਜੋ ਮੰਤ੍ਰ ਤੁਮ, ਸੋ ਆਯੋ ਮੁਰ ਹਾਥ" ॥ ੯ ॥

ਰਾਜਾ ਮੰਤ੍ਰ ਸਿਖਣ ਲਈ ਉਸ ਦੇ ਨਾਲ ਉਸ ਇਸਤ੍ਰੀ ਦੇ ਘਰ ਜਾਂਦਾ ਹੈ! ਉਸ ਇਸਤ੍ਰੀ ਨੇ "ਫੂਲ ਪਾਨ ਕੈਫ ਮੰਗਾਯੋ"॥ (ਕੈਫ ਇਕ ਅਰਬੀ ਸ਼ਬਦ ਹੈ। ਇਸ ਦੇ ਅਰਥ ਵਜਦ, ਹਾਲ ਤੇ ਸਰੂਰ ਹੈਨ) ਇਸੇ ਸਰੂਰ ਲਈ ਸ਼ਰਾਬ ਮੰਗਵਾਈ। ਤਦ ਉਸ ਇਸਤ੍ਰੀ ਨੇ ਆਪਣਾ ਅਸਲ ਬੁਲਾਣ ਦਾ ਮਤਲਬ ਦਸਿਆ ਪਰ ਰਾਜਾ ਨਹੀਂ ਮੰਨਿਆ। ਉਸ ਇਸਤ੍ਰੀ ਦੇ ਜੋ ਬਚਨ ਬਿਲਾਸ ਹੁੰਦੇ ਹੈਨ। ਉਹ ਬਹੁਤ ਸਿਖਿਆ-ਦਾਇਕ ਹੈਨ। ਇਹ ਗਰੰਥ ਦੇ ਚਾਰ ਪੰਨਿਆਂ ਵਿਚ ਪੂਰੇ ਹੁੰਦੇ ਹੈਨ। ਜਿਸ ਨੇ ਦੇਖਣਾ ਹੋਵੇ ਉਹ ਅੱਗੇ ਜਾ ਕੇ ਪੂਰੇ ਤਿੰਨ ਚਰਿਤ੍ਰ ਦਿਤੇ ਹੈਨ, ਪੜ੍ਹ ਸਕਦਾ ਹੈ। ਜਦ ਰਾਜਾ ਕਿਸੇ ਤਰ੍ਹਾਂ ਨਹੀਂ ਮੰਨਦਾ ਤਦ ਉਹ ਇਸਤ੍ਰੀ ਚੋਰ ਚੋਰ ਦਾ ਰੌਲਾ ਪਾ

†ਆਖ਼ਰੀ ਚਰਿਤ੍ਰ ਵਿਚ ਆਂਵਦਾ ਹੈ "ਪੀ ਪੀ ਕੈਫ ਭਏ ਦੀਵਾਨੇ"



Digitized by Panjab Digital Library | www.panjabdigilib.org

ਦੇਂਦੀ ਹੈ ਤੇ ਰਾਜਾ ਆਪ ਦੀ ਜੁੱਤੀ ਤੇ ਰੇਸ਼ਮੀ ਚਾਦਰ ਛੱਡ ਕੇ ਨੱਸ ਪੈਂਦਾ ਹੈ। ਪਹਿਲੀ ਕਹਾਣੀ ਖ਼ਤਮ। ਦੂਜੀ ਕਹਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ :

ਦੋਹਰਾ — ਸੁਨਤ ਚੋਰ ਕੇ ਬਚ ਸ੍ਰਵਨ ਉਠ੍ਯੋ ਰਾਇ ਡਰ ਧਾਰ ॥
ਭਜ੍ਯੋ ਜਾਇ ਡਰ ਪਾਇ ਮਨ ਪਨੀ[1] ਪਾਮਰੀ[2] ਡਾਰਿ ॥੨੨।

ਚੋਰ ਚੋਰ ਦੀ ਆਵਾਜ਼ ਸੁਣ ਕੇ ਬਹੁਤ ਲੋਕ ਦੌੜ ਕੇ ਆਏ ਤੇ ਰਸਤੇ ਬੰਦ ਹੋ ਗਏ।

ਪੈਂਡ ਭਜਨ ਕੋ ਨਾ ਰਹ੍ਯੋ ਰਾਇ ਜਤਨ ਯੌਂ ਕੀਨ ॥ ੪ ॥

ਸਭ ਤੋਂ ਪਹਿਲਾਂ ਉਸ ਇਸਤ੍ਰੀ ਦਾ ਭਰਾ ਪੁੱਜਾ ਰਾਜੇ ਉਸ ਦੀ ਪਗੜੀ ਉਤਾਰ ਲਈ, ਚੋਰ ਚੋਰ ਕਹਿ ਕਹਿ ਉਸ ਨੂੰ ਕਾਫ਼ੀ ਮੁਕੇ ਮਾਰੇ ਫਿਰ ਜੋ ਆਇਆ ਉਸ ਨੇ ਉਸ ਨੂੰ ਹੀ ਮਾਰਨਾ ਸ਼ੁਰੂ ਕੀਤਾ। ਤੇ ਉਹ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ ਉਸ ਦੀ ਮੁਸ਼ਕਾਂ ਚੜ੍ਹਾ ਲਈਆਂ। ਤੇ ਸਭ ਨੇ ਉਸ ਨੂੰ ਬਹੁਤ ਮਾਰਿਆ। ਭਾਵੇਂ ਉਹ ਇਸਤ੍ਰੀ

"ਭ੍ਰਾਤ ਭ੍ਰਾਤ ਤ੍ਰਿਯ ਕਹਿ ਰਹੀ ਕੋਤ੍ਰ ਨ ਸਕਯੋ ਛੁਰਾਇ" ॥ ੭॥

ਰਾਜਾ ਉਸ ਨੂੰ ਕੈਦਖਾਨੇ ਭੇਜ ਆਪ ਆਪਣੇ ਮਹੱਲ ਵਿਚ ਆ ਜਾਂਦਾ ਹੈ!

ਤੀਜੀ ਕਹਾਣੀ ਇਸ ਤਰ੍ਹਾਂ ਹੈ ਕਿ ਜਦ ਸਵੇਰੇ ਤੋਂ ਰਾਜਾ ਮਹੱਲਾਂ ਤੋਂ ਦਰਬਾਰ ਵਿਚ ਪੁਜਾ ਤਦ ਉਸ ਨੇ ਕਿਹਾ ਕਿ ਰਾਤ ਮੇਰੀ ਜੁੱਤੀ ਤੇ ਰੇਸ਼ਮੀ ਚਾਦਰ ਚੋਰੀ ਹੋ ਗਈ ਹੈ। ਮੈਂ ਆਪਣੇ ਗੁਪਤਚਰਾਂ ਤੋਂ ਪਤਾ ਕਰ ਲਿਆ ਹੈ ਕਿ ਕਿਸ ਨੇ ਚੋਰੀ ਕੀਤੀ ਹੈ! ਇਸ ਲਈ ਮੈਂ ਹੁਣ ਆਪਣੇ ਸੈਨਕਾਂ ਨੂੰ ਭੇਜਦਾ ਹਾਂ ਕਿ ਮੇਰੀ ਜੁੱਤੀ ਤੇ ਚਾਦਰ ਅਤੇ ਚੋਰ ਨੂੰ ਫੜ ਕੇ ਲੈ ਆਵਨ। ਉਨ੍ਹਾਂ ਨੇ ਉਸ ਇਸਤ੍ਰੀ ਦੇ ਘਰ ਜਾ ਕੇ ਉਸ ਨੂੰ ਫੜ ਲਿਆ ਤੇ ਜੁੱਤੀ ਤੇ ਚਾਦਰ ਵੀ ਲੈ ਆਈ, ਉਹ ਡਰ ਗਈ ਸੀ ਤੇ ਦਰਬਾਰ ਸਭ ਨੂੰ ਦੇਖਦੇ ਹੋਰ ਹੀ ਭੈਭੀਤ ਹੋ ਗਈ ਤੇ ਰਾਜੇ ਨੇ ਗੁੱਸੇ ਵਿਚ ਪੁੱਛਿਆ ਕਿ ਤੂੰ ਮੇਰੀ ਜੁੱਤੀ ਤੇ ਚਾਦਰ ਕਿਉਂ ਚੁਰਾਈ? ਉਹ ਡਰ ਨਾਲ ਕੰਬਣ ਲਗੀ ਤੇ ਕੁਝ ਉਤਰ ਨਾ ਦਿੱਤਾ। ਰਾਜੇ ਨੇ ਕਿਹਾ ਕਿ ਇਸ ਨੂੰ ਅੰਦਰ ਰਨਵਾਸ ਵਿਚ ਲੈ ਜਾਓ ਮੈਂ ਆਪ ਇਸ ਪਾਸੋਂ ਵਖਰਾ ਹੋ ਕੇ ਪੁੱਛਾਂਗਾ। ਦੂਜੇ ਦਿਨ ਸਵੇਰੇ ਉਸ ਨੂੰ ਬੁਲਾ ਕੇ ਕਿਹਾ ਕਿ ਤੂੰ ਮੇਰੇ ਨਾਲ ਧੋਖਾ ਕੀਤਾ ਤੇ ਚਰਿਤ੍ਰ ਕੀਤਾ ਤੇ ਮੈਂ ਵੀ ਤੇਰੇ ਨਾਲ ਮੁੜ ਚਰਿਤ੍ਰ ਕੀਤਾ ਉਹ ਮੁਆਫ਼ੀ ਮੰਗਣ ਲੱਗੀ ਤੇ ਉਸ ਨੂੰ ਕਿਹਾ, ਮੁੜ ਇਸ ਤਰ੍ਹਾਂ ਕਦੀ ਨਾ ਕਰਨਾ। ਉਸ ਦੇ

*1. ਜੁੱਤੀ। 2. ਰੇਸ਼ਮੀ ਚਾਦਰ।



Digitized by Panjab Digital Library | www.panjabdigilib.org

ਭਰਾ ਨੂੰ ਕੈਦ ਵਿਚੋਂ ਛੁਡਾ ਦਿੱਤਾ ਤੇ ਉਨ੍ਹਾਂ ਦਾ ਦੋ ਹਜ਼ਾਰ ਟਕਾ* ਛਿਮਾਹੀ ਲਗਾ ਦਿੱਤੀ। ਇਕ ਗੱਲ ਸੋਚਣ ਵਾਲੀ ਹੈ ਕਿ ਪੰਜਾਬ ਵਿਚ ਤਾਂ ਰੁਪੈ ਤੇ ਮੋਹਰਾਂ ਹੁੰਦੀਆਂ ਸਨ ਟਕਾ ਬੰਗਲਾ ਦੇਸ਼ ਵਿਚ ਰੁਪੈ ਨੂੰ ਕਹਿੰਦੇ ਹਨ। ਇਹ ਕਹਾਣੀ ਪੰਜਾਬ ਦੀ ਨਹੀਂ ਹੋ ਸਕਦੀ। ਨਾ ਹੀ ਦਸਮੇਸ਼ ਪਿਤਾ ਨਾਲ ਇਸ ਤਰ੍ਹਾਂ ਦੀ ਕੋਈ ਗੱਲ ਹੋਈ ਹੈ। ਮਲੂਮ ਹੁੰਦਾ ਹੈ ਕਿ ਕੁਝ ਵਿਦਵਾਂਵਾਂ ਨੂੰ ਇਹ ਟਪਲਾ ਇਸ ਕਰਕੇ ਲਗਾ ਕਿ

"ਪਾਇ ਪਰਤ ਮੋਰੇ ਸਦਾ ਪੂਜ ਕਹਤ ਹੈ ਮੋਹਿ॥
ਤਾ ਸੋ ਰੀਝ ਰਮਯੋ ਚਹਤ ਲਾਜ ਨ ਆਵਤ ਤੋਹਿ॥ ੧੯॥

ਅਤੇ ਰਾਜਾ ਕਈ ਵਾਰ ਕਹਿੰਦਾ ਹੈ ਕਿ ਨਰ ਨਾਰੀ ਮੇਰੇ ਪਾਸ ਆਂਵਦੇ ਹਨ ਤੇ ਮੇਰੀ ਪੂਜਾ ਕਰਦੇ ਹਨ। ਉਹ ਮੇਰੇ ਬੇਟੇ ਜਾਂ ਪੁਤ੍ਰੀਆਂ ਸਮਾਨ ਹਨ। ਇਤਆਦਿ ਬਹੁਤ ਚਰਚਾ ਹੋਈ ਅਤੇ ਇਸੇ ਚਰਿਤ੍ਰ ਵਿਚ ਇਹ ਛੰਦ ਵੀ ਆਂਵਦਾ ਹੈ :

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥
ਨਿਜ ਨਾਰੀ ਕੇ ਸਾਥ ਨੇਹ ਤੁਮ ਨਿਤ ਬਢੈਯਹੁ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥ ੫੧॥

ਇਹ ਤਾਂ ਹੋ ਸਕਦਾ ਹੈ ਕਿ ਅਸਲੀ ਕਹਾਣੀ ਵਿਚ ਇਤਨੀ ਲੰਬੀ ਚਰਚਾ ਨਾ ਹੋਵੇ ਤੇ ਗੁਰੂ ਮਹਾਰਾਜ ਨੇ ਸਿਖਿਆ ਦੇਣ ਲਈ ਕਾਫੀ ਵਧਾ ਕੇ ਲਿਖ ਦਿੱਤੀ ਹੋਵੇ ? ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਉਹ ਇਸਤ੍ਰੀ ਦਸਮ ਪਾਤਸ਼ਾਹ ਦੇ ਆਨੰਦਪੁਰ ਆਂਵਦੀ ਤਦ ਉਸ ਨੂੰ ਪਤਾ ਹੁੰਦਾ ਕਿ ਗੁਰੂ ਮਹਾਰਾਜ ਤੇ ਸਿੱਖ ਸੰਗਤ ਦਾ ਕਿਤਨਾ

*ਟਕੇ ਦਰਬ ਦੇ ਸੰਬੰਧ ਵਿਚ ਵੀ ਵਰਤੇ ਜਾਂਦੇ ਹਨ। ਜਿਸ ਤਰ੍ਹਾਂ ਉਸ ਪਾਸ ਬਹੁਤ ਪੈਸਾ ਹੈ ਜਾਂ ਟਕੇ ਹੈਨ। ਪਰ ਅੰਗਰੇਜ਼ੀ ਰਾਜ ਵੇਲੇ ਟਕਾ ਇਕ ਸਿੱਕਾ ਸੀ ਜੋ ਦੋ ਪੈਸੇ ਦਾ ਜਾਂ ਅਧੇ ਆਨੇ ਦਾ ਹੁੰਦਾ ਸੀ। ਆਨਾ ਚਾਰ ਵੱਡੇ ਪੈਸੇ ਦਾ ਸੀ ਤੇ ਅਧਹਾਨੀ ਤਾਂਬੇ ਦੀ ਰੁਪੈ ਦੇ ਅਕਾਰ ਦੀ ਹੁੰਦੀ ਸੀ ਤੇ ਪੈਸਾ (50 ਪੈਸੇ) ਅਠੱਨੀ ਦਾ ਅਕਾਰ ਦਾ ਪਰ ਉਤਰੀ ਭਾਰਤ ਵਿਚ 500 ਜਾਂ ਹਜ਼ਾਰ ਟਕੇ ਨਹੀਂ ਗਿਣੇ ਜਾਂਦੇ ਸਨ ! ਇਹ ਬੰਗਲਾ ਦੇਸ਼ ਵਲ ਰੁਪੈ ਨੂੰ ਟਕਾ ਕਹਿੰਦੇ ਹੈਨ ਤੇ ਤੇ ਉਸ ਦਾ ਮੁਲ ਸਾਡੇ ਰੁਪੈ ਤੋਂ ਘਟ ਹੁੰਦਾ ਹੈ।



Digitized by Panjab Digital Library | www.panjabdigilib.org

ਭਰੋਸਾ ਹੈ ਤੇ ਉਸ ਨੂੰ ਪਤਾ ਹੁੰਦਾ ਕਿ ਉਹ ਸਿੱਖ ਕੌਮ ਦੇ ਗੁਰੂ ਹੈਨ। ਜਦ ਆਪਣੇ ਆਦਮੀ ਮਗਨ ਦਾਸ ਨੂੰ ਇਹ ਨਾਹ ਕਹਿੰਦੀ ਕਿ—

ਨੱਗਰ ਰਾਇ ਤੁਮਰੋ ਬਸਤ ਤਾਹਿ ਮਿਲਾਵਹੁ ਮੋਹ ॥

ਰਾਇ ਤਾਂ ਇਕ ਛੋਟਾ ਜਿਹਾ ਰਾਜਾ ਹੁੰਦਾ ਹੈ, ਉਹ ਸਿੱਖਾਂ ਦੇ ਗੁਰੂ ਦੇ ਮਿਲਣ ਲਈ ਕਹਿੰਦੀ।

ਇਹ ਪੁਰਾਣੇ ਜਮਾਨੇ ਦੀਆਂ ਕਹਾਣੀਆਂ ਹਨ, ਉਸ ਵੇਲੇ ਰਾਜੇ ਪਰਜਾ ਦੇ ਧਾਰਮਕ ਆਗੂ ਵੀ ਹੁੰਦੇ ਸਨ ਤੇ ਲੋਗ ਉਨ੍ਹਾਂ ਦੀ ਪੂਜਾ ਵੀ ਕਰਦੇ ਸਨ। ਅਸ਼ੋਕ, ਯੁਧਿਸ਼ਟਰ (ਧਰਮਪੁਤ੍ਰ), ਰਾਜਾ ਹਰੀਸ ਚੰਦਰ ਤੇ ਰਾਜਾ ਜਨਕ ਆਦਿ ਬੜੇ ਪੂਜ ਹੋਏ ਹਨ। ਵਿਆਸ ਜੀ ਇਕ ਰਿਖੀ ਹੋਏ ਹਨ। ਤੇ ਉਨ੍ਹਾਂ ਨੇ ਮਹਾਭਾਰਤ ਦੀ ਸਾਰੀ ਕਥਾ ਲਿਖੀ ਹੈ। ਉਨ੍ਹਾਂ ਦਾ ਪੁਤ੍ਰ ਸੁਖਦੇਵ ਜੀ ਇਕ ਵੱਡੇ ਵਿਦਵਾਨ ਤੇ ਪੰਡਤ ਸਨ। ਉਨ੍ਹਾਂ ਨੇ ਸ੍ਰੀ ਮਦ ਭਗਵੰਤ ਜੋ ਅਠਾਰ੍ਹਵਾਂ ਪੁਰਾਨ ਲਿਖਿਆ ਹੈ। ਸੁਖਦੇਵ ਜੀ ਨੇ ਆਪਣੇ ਪਿਤਾ ਵਿਆਸ ਜੀ ਤੋਂ ਪੁਛਿਆ ਕਿ ਮੈਂ ਕਿਸ ਨੂੰ ਗੁਰੂ ਧਾਰਨ ਕਰਾਂ ਤਦ ਉਨ੍ਹਾਂ ਨੇ ਰਾਜਾ ਜਨਕ ਦਾ ਨਾਮ ਲਿਆ। ਸੁਖਦੇਵ ਜੀ ਜਨਕ ਪੁਰੀ ਗਏ ਤੇ ਰਾਜੇ ਜਨਕ ਨੂੰ ਵੀ ਮਿਲੇ ਪਰ ਉਥੋਂ ਦਾ ਐਸ਼ਵਰਜ ਤੇ ਸ਼ਾਨ ਦੇਖ ਕੇ ਕੁਝ ਸ਼ੰਕਾ ਵੀ ਮਨ ਵਿਚ ਹੋ ਗਿਆ, ਜੋ ਰਾਜਾ ਜਨਕ ਵੀ ਸਮਝ ਗਿਆ ਉਸ ਨੂੰ ਇਕ ਪਿਆਲਾ ਤੇਲ ਦਾ ਭਰ ਕੇ ਦਿੱਤਾ ਤੇ ਕਿਹਾ ਕਿ ਤੂੰ ਸਾਰੇ ਬਾਜ਼ਾਰ ਵਿਚ ਚੱਕਰ ਲਗਾ ਕੇ ਆ ਤੇਰੇ ਪਿਛੇ ਨੰਗੀ ਤਲਵਾਰ ਲਈ ਸਿਪਾਹੀ ਹੋਵੇਗਾ ਕਿ ਤੇਲ ਦੀ ਬੂੰਦ ਵੀ ਡਿੱਗ ਪਈ ਤੇ ਉਹ ਸਿਪਾਹੀ ਤੇਰਾ ਸਿਰ ਕੱਟ ਦੇਵੇਗਾ। ਉਹ ਪਿਆਲਾ ਲੈ ਕੇ ਬਾਜ਼ਾਰਾਂ ਵਿਚੋਂ ਲੰਘੇ ਕ੍ਰਿਧਰੇ ਨਾਚ ਰੰਗ ਹੋ ਰਹੇ, ਸੋ ਕਿਧਰੇ ਗਾਣਾ ਬਜਾਣਾ, ਕਿਧਰੇ ਕੋਈ ਖੇਲਾਂ; ਉਹ ਪਿਆਲਾ ਲੈ ਕੇ ਵਾਪਸ ਪੁਜ ਗਏ। ਤਦ ਰਾਜੇ ਨੇ ਪੁਛਿਆ ਕਿ ਰਸਤੇ ਵਿੱਚ ਕੀ ਕੁਝ ਵੇਖਿਆ ਤਦ ਉਸ ਨੇ ਜਵਾਬ ਦਿੱਤਾ ਕਿ ਮੇਰਾ ਧਿਆਨ ਤਾਂ ਇਸ ਤੇਲ ਦੇ ਪਿਆਲੇ ਵਿਚ ਸੀ। ਮੈਂ ਕੁਝ ਵੀ ਨਹੀਂ ਦੇਖਿਆ। ਤਦ ਉਸ ਨੂੰ ਸਮਝ ਆਈ। ਮੁੜ ਉਸ ਨੂੰ ਇਕ ਨੀਵੀਂ ਜਗ੍ਹਾ ਬਿਠਾ ਦਿਤਾ ਗਿਆ ਤੇ ਕਿਤਨੇ ਹਜ਼ਾਰ ਬ੍ਰਾਹਮਣ ਤੇ ਹੋਰਨਾਂ ਦਾ ਭੋਜਨ ਸੀ ਤੇ ਸਭ ਜੂਠੀਆਂ ਸਬਜ਼ੀਆਂ ਵਾਲੀਆਂ ਪੱਤਲਾਂ ਉਥੇ ਸੁੱਟੀਆਂ ਗਈਆਂ। ਕਈ ਤਾਂ ਇਹ ਕਹਿੰਦੇ ਹਨ ਕਿ ਕਿਤਨੇ ਮਹੀਨੇ ਉਥੇ ਬੈਠੇ ਪਰ ਇਹ ਠੀਕ ਹੈ ਕਿ ਉਹ ਉਨ੍ਹਾਂ ਪਤਲਾਂ ਹੇਠ ਦਬ ਗਏ ਜਦ ਰਾਜੇ ਜਨਕ ਨੂੰ ਤਸੱਲੀ ਹੋਈ। ਤਦ ਉਸ ਨੂੰ ਸਿਖਿਆ ਦਿਤੀ, ਇਸ ਦੀ ਗਵਾਹੀ ਗੁਰੂ ਮਹਾਰਾਜ ਵੀ ਭਰਦੇ ਹੈਨ :



Digitized by Panjab Digital Library | www.panjabdigilib.org

"ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ।
ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥ (ਪੰਨਾ ੧੩੦੯)
ਆਦਿ ਗ੍ਰੰਥ ਪਾਠਕਾਂ ਦੀ ਤਸੱਲੀ ਲਈ ਮੈਂ ਤਿੰਨੇ ਕਹਾਣੀਆਂ ਜਿਸ ਤਰ੍ਹਾਂ ਦਸਮ ਗਰੰਥ
ਵਿਚ ਦਿਤੀਆਂ ਹੈਨ। ਪੂਰੀ ਤਰ੍ਹਾਂ ਅੱਗੇ ਲਿਖ ਦੇਂਦਾ ਹਾਂ :

ਦੋਹਰਾ ॥ ਭੂਪ ਬੰਦ ਗ੍ਰਿਹ ਨਿਜੁ ਸੁਤਹਿ ਗਹਿ[1] ਕਰਿ ਦਿਯੋ ਪਠਾਇ[2] ॥
ਪ੍ਰਾਤ ਸਮੈ ਮੰਤ੍ਰੀ ਸਹਿਤ ਬਹੁਰੋ ਲਿਯੋ ਬੁਲਾਇ ॥੧॥
ਚੀਫ਼ ਰਾਇ ਐਸੇ ਕਹਯੋ ਬਚਨ ਮੰਤ੍ਰਿਯਨ ਸੰਗ ॥
ਪੁਰਖ ਤ੍ਰਿਯਨ ਚਤੁਰਨ ਚਰਿਤ ਮੋ ਸੋ ਕਹਹੁ ਪ੍ਰਸੰਗ ॥੨॥
ਤੀਰ ਸਤੁੱਦ੍ਰਵ[3] ਕੇ ਹੁਤੋ ਪੁਰ ਅਨੰਦ ਇਕ ਗਾਂਉ ॥
ਨੈਤ੍ਰ ਤੁੰਗ ਕੇ ਢਿਗ ਬਸਤ ਕਾਹਲੂਰ ਕੇ ਠਾਉ ॥੩॥
ਤਹਾਂ ਸਿੱਖ ਸਾਖਾ ਬਹੁਤ ਆਵਤ ਮੋਦ ਬਢਾਇ ॥
ਮਨ ਬਾਂਛਤ ਮੁਖਿ ਮਾਂਗ ਬਰ ਜਾਤ ਗ੍ਰਿਹਨ ਸੁਖ ਪਾਇ ॥੪॥
ਏਕ ਤ੍ਰਿਯਾ ਧਨਵੰਤ ਕੀ ਤੌਨ[4] ਨਗਰ ਮੈ ਆਨਿ ॥
ਹੇਰਿ ਰਾਇ ਪੀੜਤ ਭਈ ਬਧੀ[5] ਬਿਰਹ ਕੇ ਬਾਨ[6] ॥੫॥
ਮਗਨ[7] ਦਾਸ ਤਾ ਕੋ ਹੁਤੋ ਸੋ ਤਿਨ ਲਿਯੋ ਬੁਲਾਇ ॥
ਅਧਿਕ ਦਰਬ ਤਾ ਕੋ ਦਿਯੋ ਐਸੇ ਕਹਯੋ ਬਨਾਇ ॥੬॥
ਨਗਰ ਰਾਇ ਤੁਮਰੇ ਬਸਤ ਤਾਹਿ ਮਿਲਵਹੁ ਮੋਹਿ ॥
ਤਾਹਿ ਮਿਲੇ ਦੈਹੋ ਤੁਛੈ ਅਮਿਤ[8] ਦਰਬ ਲੈ ਤੋਹਿ ॥੭॥
ਮਗਨ ਲੋਭ ਧਨ ਕੇ ਲਗੇ ਆਨਿ ਰਾਵ ਕੇ ਪਾਸ ॥
ਪਰਿ ਪਾਇਨ ਕਰ ਜੋਰਿ ਕਰਿ ਇਹ ਬਿਧਿ ਕਿਯ ਅਰਦਾਸਿ ॥੮॥
ਸਿਖਯੋ ਚਹਤ ਜੋ ਮੰਤ੍ਰ ਤੁਮ ਸੋ ਆਯੋ [9]ਮੁਰ ਹਾਥਿ ॥
ਕਹੈ ਤੁਮੈਂ ਸੋ ਕੀਜਿਯਹੁ ਜੁ ਕਛੁ ਤੁਹਾਰੇ ਸਾਥ ॥੯॥
ਭੁਜੰਗ ਛੰਦ ॥ ਚਲਯੋ ਧਾਰਿ ਆਤੀਤ ਕੋ ਭੇਸ ਰਾਈ ॥
ਮਨਾਪਨ ਬਿਖੈ ਸ੍ਰੀ ਭਗੌਤੀ ਮਨਾਈ ॥

---

1. ਫੜਕੇ। 2. ਘੱਲ ਦਿੱਤਾ। 3. ਦਰਿਆ। 4. ਤਿਸ। 5. ਵਿੰਨੀ। 6. ਤੀਰ [ਵਿਛੋੜੇ ਦੇ]। 7. ਨਾਮ ਹੈ। 8. ਬਹੁਤ। 9. ਮੇਰੇ।



Digitized by Panjab Digital Library | www.panjabdigilib.org

ਚਲ੍ਯੋ ਸੋਤ ਤਾ ਕੇ ਫਿਰ੍ਯੋ ਨਾਹਿ ਫੇਰੇ ॥
ਧਸ੍ਯੋ ਜਾਇ ਕੈ ਵਾ ਤ੍ਰਿਯਾ ਕੇ ਸੁ ਡੇਰੇ ॥੧੦॥
॥ਚੌਪਈ॥ ਲਖਿ ਤ੍ਰਿਯ ਤਾਹਿ ਸੁ ਭੇਖ ਬਨਾਯੋ ॥ ਫੂਲ ਪਾਨ ਅਰੁ ਕੈਫ* ਮੰਗਾਯੋ ॥
ਆਗੇ ਟਰਿ ਤਾ ਕੋ ਤਿਨ ਲੀਨਾ ॥ ਚਿਤ ਕਾ ਸੋਕ ਦੂਰਿ ਕਰਿ ਦੀਨਾ ॥੧੧॥
॥ ਦੋਹਰਾ ॥ ਬਸਤ੍ਰ ਪਹਿਰਿ ਬਹੁ ਮੋਲ ਕੇ ਅਤਿਥ ਭੇਸ ਕੋ ਟਾਰਿ ॥
ਤਵਨ ਸੇਜ ਸੋਭਿਤ ਕਰੀ ਉਤਮ ਭੇਖ ਸੁਧਾਰਿ ॥੧੨॥
ਤਬ ਤਾ ਸੋ ਤ੍ਰਿਯ ਯੋ ਕਹੀ ਭੋਗ ਕਰਹੁ ਮੁਹਿ ਸਾਥ ॥
ਪਸੁਪਤ ਰਿ[2] ਦੁਖ ਦੇ ਘਨੋ ਮੈ ਬੇਚੀ ਤਵ ਹਾਥ ॥੧੩॥
ਰਾਇ ਚਿੱਤ ਚਿੰਤਾ ਕਰੀ ਬੈਠੇ ਤਾ ਹੀ ਠੌਰ ॥
ਮੰਤ੍ਰ ਲੇਨ ਆਯੋ ਹੁਤੋ ਭਈ ਔਰ ਕੀ ਔਰ ॥੧੪॥
ਅੜਿੱਲ ॥ ਭਏ ਪੂਜ ਤੋ ਕਹਾ, ਗੁਮਾਨ ਨ ਕੀਜਿਯੈ ॥
ਧਨੀ ਭਏ ਤੋ ਦੁਖਯ ਨ ਨਿਧਨਨ ਦੀਜਿਯੈ ॥
ਰੂਪ ਭਯੋ ਤੋ ਕਹਾ ਐਂਠ[3] ਨਹਿ ਠਾਨਿਯੈ ॥
ਹੋ ਧਨ ਜੋਬਨ ਦਿਨ ਚਾਰਿ ਪਾਹੁਨੋ[4] ਜਾਨਿਯੈ ॥੧੫॥
ਛੰਦ ॥ ਧਰਮ ਕਰੇ ਸੁਭ ਜਨਮ ਧਰਮ ਤੇ ਰੂਪਹਿ ਪੈਯੈ ॥
ਧਰਮ ਕਰੇ ਧਨ ਧਾਮ ਧਰਮ ਤੇ ਰਾਜ ਸੁਹੈਯੈ ॥......
ਕਹਾ ਤੁਹਾਰੇ ਮਾਨਿ ਭੋਗ ਤੋ ਸੋਂ ਨਹਿ ਕਰਿਹੋ ॥
ਕੁਲਿ ਕਲੰਕ ਕੇ ਹੇਤ ਅਧਿਕ ਮਨ ਭੀਤਰ ਡਰਿਹੋ ॥
ਛੋਰਿ ਬਯਾਹਿਤਾ ਨਾਰਿ ਕੇਲ ਤੋ ਸੋ ਨ ਕਮਾਊਂ ॥
ਧਰਮ ਰਾਜ ਕੀ ਸਭਾ ਠੌਰ ਕੈਸੇ ਕਰਿ ਪਾਊਂ ॥੧੭॥
ਦੋਹਰਾ ॥ ਕਾਮਾਤੁਰ[5] ਹ੍ਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ ॥
ਮਹਾਂ ਨਰਕ ਸੋ ਡਾਰਿਯੈ ਦੇ ਜੋ ਜਾਨ ਨਿਰਾਸ ॥੧੮॥
ਪਾਇ ਪਰਤ ਮੋਰੇ ਸਦਾ ਪੂਜ ਕਹਤ ਹੈ ਮੋਹਿ ॥
ਤਾ ਸੋ ਰੀਤ ਰਮ੍ਯੋ ਚਹਤ ਲਾਜ ਨ ਆਵਤ ਤੋਹਿ ॥੧੯॥

---

*ਸ਼ਰਾਬ, ਕੈਫ ਇਕ ਅਰਬੀ ਸ਼ਬਦ ਹੈ, ਜਿਸ ਦੇ ਅਰਥ ਹਨ, ਹਾਲ, ਵਜ਼ਦ, ਸਰੂਰ। 2. ਪਸ਼ੂਆਂ ਦਾ ਪਤੀ (ਸ਼ਿਵ ਜੀ)। 3. ਆਕੜ। 4. ਪਰਾਹੁਣੇ। 5. ਕਾਮ ਦੀ ਦੁਖੀ ਹੋਈ।



Digitized by Panjab Digital Library | www.panjabdigilib.org

ਕ੍ਰਿਸਨ ਪੂਜ ਜਗ ਕੇ ਭਏ ਕੀਨੀ ਰਾਸਿ ਬਨਾਇ ॥
ਭੋਗ ਰਾਧਿਕਾ ਸੋ ਕਰੇ ਪਰੇ ਨਰਕ ਨਹਿ ਜਾਇ ॥੨੦॥
ਪੰਚ ਤੱਤ ਲੈ ਬ੍ਰਹਮ ਕਰ ਕੀਨੀ ਨਰ ਕੀ ਦੇਹ ॥
ਕੀਯਾ ਆਪ ਹੀ ਤਿਨ ਬਿਖੈ ਇਸਤ੍ਰੀ ਪੁਰਖ ਸਨੇਹ ॥੨੧॥
ਚੌਪਈ ॥ ਤਾ ਤੇ ਆਨ ਰਮੋ ਮੋਹਿ ਸੰਗਾ ॥
ਬਜਾਪਤ ਮੁਰ[1] ਤਨ ਅਧਿਕ ਅਨੰਗਾ ॥
ਆਜ ਮਿਲੇ ਤੁਮਰੇ ਬਿਨੁ ਮਰਿਹੌਂ ॥
ਬਿਰਹਾਨਲ[2] ਕੇ ਭੀਤਰਿ ਜਰਿਹੌਂ ॥੨੨॥
ਦੋਹਰਾ ॥ ਅੰਗ ਤੇ ਭਯੋ ਅਨੰਗ ਤੇਂ ਦੇਤ ਮੋਹਿ ਦੁਖ ਆਇ ॥
ਮਹਾਂ ਰੁਦ੍ਰ ਜੂ ਕੋਪ ਕਰਿ ਤਾਹਿ ਨ ਦਯੋ ਜਰਾਇ[3] ॥੨੩॥
ਛੰਦ ॥ ਧਰਹੁ ਧੀਰਜ ਮਨ ਬਾਲ ਮਦਨ ਤੁਮਰੋ ਕਸਿ ਕਰਿਹੈ ॥
ਮਹਾਂ ਰੁਦ੍ਰ ਕੋ ਧਯਾਨ ਧਰੋ ਮਨ ਬੀਚ ਸੁ ਡਰਿਹੈ ॥
ਹਮ ਨ ਤੁਹਾਰੇ ਸੰਗ ਭੋਗ ਰੁਚਿ ਮਾਨਿ ਕਰੈਗੇ ॥
ਤਯਾਗਿ ਧਰਮ ਕੀ ਨਾਰਿ ਤੋਹਿ ਕਬਹੂੰ ਨ ਬਰੈਗੇ ॥੨੪॥
ਅੜਿਲ ॥ ਕਹਯੋ ਤਿਹਾਰੋ ਮਾਨਿ ਭੋਗ ਤੋ ਸੋ ਕਯੋਂ ਕਰਿਯੈ ॥
ਘੋਰ ਨਰਕ ਕੇ ਬੀਚ ਜਾਇ ਪਰਬੇ ਤੇ ਡਰਿਯੈ ॥
ਤਵ ਆਲਿੰਗਨ[4] ਕਰੇ ਧਰਮ ਅਰਿ ਕੈ ਮੁਹਿ ਗਹਿਹੈ ॥
ਹੋ ਅਤਿ ਅਪਜਸ ਕੀ ਕਥਾ ਜਗਤ ਮੋ ਕੌ ਨਿਤਿ ਕਹਿਹੈ ॥੨੫॥
ਚਲੈਂ ਨਿੰਦ ਕੀ ਕਥਾ ਬੱਕਤ੍ਰ[5] ਕਸ[6] ਤਿਨੈ ਦਿਖੈਹੋ ॥
ਧਰਮ ਰਾਜ ਕੀ ਸਭਾ ਜੁਾਬ ਕੈਸੇ ਕਰਿ ਦੈਹੋ ॥
ਛਾਡਿ ਯਰਾਨਾ ਬਾਲ ਖਯਾਲ ਹਮਰੇ ਨਹਿ ਪਰਿਯ ॥
ਕਹੀ ਹਮ ਸੌਂ ਕਹੀ ਬਹੁਰਿ ਯਹ ਕਹਯੋ ਨ ਕਰਿਯੈ ॥੨੬॥
ਨ੍ਰਿਪ ਕੁਅਰਿ ਯੌ ਕਹੀ ਭੋਗ ਮੋ ਸੌ ਪਿਯ ਕਰਿਯੈ ॥
ਪਰੇ ਨ ਨਰਕ ਕੇ ਬੀਚ ਅਧਿਕ ਚਿਤ ਮਾਹਿ ਨ ਡਰਿਯੈ ॥

---

1. ਮੇਰੇ । 2. ਵਿਛੋੜੇ ਦੀ ਅੱਗ ਵਿੱਚ ।
3. ਸਾੜਨਾ । 4. ਸਬੰਧ । 5. ਮੂੰਹ । 6. ਕਿਸ ਤਰ੍ਹਾਂ ।



Digitized by Panjab Digital Library | www.panjabdigilib.org

ਨਿੰਦ ਤਿਹਾਰੀ ਲੋਗ ਕਹਾ ਕਰਿ ਕੈ ਮੁਖ ਕਰਿਹੈ ॥
ਤ੍ਰਾਸ ਤਿਹਾਰੇ ਸੋ ਸੁ ਅਧਿਕ ਚਿਤ ਭੀਤਰ ਡਰਿਹੈ ॥੨੭।
ਤੌ ਕਰਿਹੈ ਕੋਊ ਨਿੰਦ ਕਛੂ ਜਬ ਭੇਦ ਲਹੈਂਗੇ ॥
ਜੌ ਲਖਿਹੈ ਕੋਊ ਬਾਤ ਤ੍ਰਾਸ ਤੇ ਮੋਨਿ ਰਹੈਂਗੇ ॥
ਆਜੁ ਹਮਾਰੇ ਸਾਥ ਮਿੱਤ੍ਰ ਰੁਚਿ ਸੋ ਰਤਿ ਕਰਿਯੈ ॥
ਹੋ ਨਾਤਰ ਛਾਡੌ ਟਾਂਗ ਤਰੇ ਅਬਿ ਹੋਇ ਨਿਕਰਿਯੈ[1] ॥੨੮॥
ਟਾਂਗ ਤਰੇ ਸੋ ਜਾਇ ਕੱਲ ਕੈ ਜਾਹਿ ਨ ਆਵੈ ॥
ਬੈਠਿ ਨਿਫੂੰਸਕ[2] ਰਹੈ ਰੈਨਿ ਸਿਗਰੀ ਨ ਬਜਾਵੈ ॥
ਬਧੇ ਧਰਮ ਕੇ ਮੈ ਨ ਭੋਗ ਤੁਹਿ ਸਾਥ ਕਰਤ ਹੌਂ ॥
ਜਗ ਅਪਜਸ ਕੇ ਹੇਤ ਅਧਿਕ ਚਿਤ ਬੀਚ ਡਰਤ ਹੌਂ ॥੨੯॥
ਕੋਟਿ ਜਤਨ ਤੁਮ ਕਰੋ [3]ਭਜੇ ਬਿਨੁ ਤੋਹਿ ਨ ਛੋਰੋਂ ॥
ਗਹਿ ਆਪਨ ਪਰ ਆਜੁ ਸਗਰ ਤੁੋ ਕੋ ਨਿਸਿ ਭੋਰੋਂ ॥
ਮੀਤ ਤਿਹਾਰੇ ਹੇਤ ਕਾਸਿ ਕਰਵਤ ਹੂੰ ਲੈਹੋਂ ॥
ਹੋ ਧਰਮ ਰਾਜ ਕੀ ਸਭਾ ਜ੍ਵਾਬ ਠਾਢੀ ਹ੍ਵੈ ਦੈਹੋਂ ॥੩੦॥
ਆਜੁ ਪਿਯਾ ਤਵ ਸੰਗ ਸੇਜ ਰੁਚਿ ਮਾਨ ਸੁਹੈਹੋਂ ॥
ਮਨ ਭਾਵਤ ਕੋ ਭੋਗ ਰੁਚਿਤ[4] ਚਿਤ ਮਾਹਿ ਕਮੈਹੋਂ ॥
ਆਜੁ ਸੁ ਰਤਿ ਸਭ ਰੈਨਿ ਭੋਗ ਸੁੰਦਰ ਤਵ ਕਰਿਹੋਂ ॥
ਸਿਵ ਬੈਰੀ[5] ਕੋ ਦਰਪ[6] ਸਕਲ ਮਿਲਿ ਤੁਮੈ ਪ੍ਰਹਰਿਹੋਂ[7] ॥੩੧॥
ਰਾਇ ਬਾਚ ॥ ਪ੍ਰਥਮ ਛਤ੍ਰਿ ਕੇ ਧਾਮ ਦਿਯੋ ਬਿਧਿ ਜਨਮ ਹਮਾਰੋ ॥
ਬਹੁਰਿ ਜਗਤ ਕੇ ਬੀਚ ਕਿਯੋ ਕੁਲ ਅਧਿਕ ਉਜਿਯਾਰੋ[8] ॥
ਬਹੁਰਿ ਸਭਨ ਮੈਂ ਬੈਠਿ ਆਪੁ ਕੋ ਪੂਜ ਕਹਾਊਂ ॥
ਹੋ ਰਮੋਂ ਤੁਹਾਰੇ ਸਾਥ ਨੀਚ ਕੁਲ ਜਨਮਹਿ ਪਾਊਂ ॥੩੨॥
ਕਹਾ ਜਨਮ ਕੀ ਬਾਤ ਜਨਮ ਸਭ ਕਰੇ ਤਿਹਾਰੇ ॥
ਰਮੋਂ ਨ ਹਮ ਸੋਂ ਆਜੁ ਐਸ ਘਟਿ ਭਾਗ ਹਮਾਰੇ ॥

1. ਨਿਕਲ ਜਾਉ । 2. ਖੁਸਰਾ, ਨਮਰਦ । 3. ਭੋਗੇ ਬਿਨਾਂ । 4. ਰੁਚੀ ਨਾਲ ।
5. ਸ਼ਿਵ ਜੀ ਦਾ ਦੁਸ਼ਮਨ, (ਕਾਮਦੇਵ ਦਾ) । 6. ਹੰਕਾਰ । 7. ਦੂਰ ਕਰਾਂਗੀ ।
8. ਮਸ਼ਹੂਰ, ਪਰਗਟ ।



Digitized by Panjab Digital Library | www.panjabdigilib.org

ਬਿਰਹ ਤਿਹਾਰੇ ਲਾਲ ਬੈਠਿ ਪਾਵਕ ਮੈਂ ਬਰਿਯੈ ॥
ਹੋ ਪੀਵ ਹਲਾਹਲ ਆਜੁ ਮਿਲੇ ਤੁਮਰੇ ਬਿਨੁ ਮਰਿਯੈ ।੩੩॥
ਦੋਹਰਾ ॥ ਰਾਇ ਡਰਜੋ ਜਉ ਦੈ ਮੂਲੈ ਸ੍ਰੀ ਭਗਵਤਿ ਕੀ ਆਨ ॥
ਸੰਕ ਤਿਆਗ ਯਾ ਸੋ ਰਮੋ ਕਰਿਹੌ ਨਰਕ ਪਯਾਨ ॥੩੪॥
ਚਿਤ ਕੇ ਸੋਕ ਨਿਵਰਤ ਕਰਿ ਰਮੋ ਹਮਾਰੇ ਸੰਗ ॥
ਮਿਲੇ ਤਿਹਾਰੇ ਘਿਨੁ ਅਧਿਕ ਬਯਾਪਤ ਮੋਹਿ ਅਨੰਗ ॥੩੫॥
ਨਰਕ ਪਰਨ ਤੇ ਮੈਂ ਡਰੋ ਕਰੋ ਨ ਤੁਮ ਸੋ ਸੰਗ ॥
ਤੋ ਤਨ ਮੋ ਤਨ ਕੈਸਉ ਬਯਾਪਤ ਅਧਿਕ ਅਨੰਗ ॥੩੬॥
ਛੰਦ ॥ ਤਰੁਨ[1] ਕਰਯੋ ਬਿਧਿ ਤੋਹਿ ਤਰੁਨਿ ਹੀ ਦੇਹ ਹਮਾਰੇ ॥
ਲਖੇ ਤੁਮੈ ਤਨ ਆਜੁ ਮਦਨ[2] ਬਸਿ ਭਯੋ ਹਮਾਰੋ ॥
ਮਨ ਕੋ ਭਰਮ ਨਿਵਰਿ ਭੋਗ ਮੋਰੇ ਸੰਗ ਕਰਿਯੈ ॥
ਨਰਕ ਪਰਨ ਤੇ ਨੈਕ[3] ਅਧਨ ਚਿਤ ਬੀਚ ਨ ਡਰਿਯੈ ॥੩੭॥
ਦੋਹਰਾ ॥ ਪੂਜ ਜਾਨਿ ਕਰਿ ਜੋ ਤਰੁਨਿ ਮੁਹਿ ਕੋ ਕਰਤ ਪਯਾਨ ॥
ਤਵਨਿ ਤਰੁਨਿ ਗੁਰ ਤਵਨ ਕੀ ਲਾਗਤ ਸੁਤਾ[4] ਸਮਾਨ ॥੩੮॥
ਛੰਦ ॥ ਕਹਾ ਤਰੁਨਿ ਸੋ ਪ੍ਰੀਤਿ ਨੇਹ ਨਹਿ ਓਰ ਨਿਬਾਹਹਿ ॥
ਏਕ ਪੁਰਖ ਕੌ ਛਾਡਿ ਔਰ ਸੁੰਦਰ ਨਰ ਚਾਹਹਿ
ਅਧਿਕ ਤਰੁਨ ਰੁਚਿ ਮਾਨਿ ਤਰੁਨਿ ਜਾ ਸੌਂ ਹਿਤ ਕਰਹੀ ॥
ਹੋ ਤੁਰਤੁ ਮੂਤ੍ਰ ਕੇ ਧਾਮ[5] ਨਗਨ ਆਗੇ ਕਰਿ ਧਰਹੀ ॥੩੯॥
ਦੋਹਰਾ ॥ ਕਹਾਂ ਕਰੋ ਕੈਸੇ ਬਚੋ ਹਿਰਦੈ ਨ ਉਪਜਤ ਸਾਂਤ ॥
ਤੋਹਿ ਮਾਰਿ ਕੈਸੇ ਜਿਯੋ ਬਚਨ ਨੇਹ ਕੇ ਨਾਤ[6] ॥੪੦॥
ਚੌਪਈ ॥ ਰਾਇ ਚਿੱਤ ਇਹ ਭਾਂਤਿ ਬਿਚਾਰੋ ॥
ਇਹਾਂ ਸਿੱਖ ਕੋਊ ਨ ਹਮਾਰੋ ॥
ਯਾਹਿ[7] ਭਜੇ ਮੋਰੋ ਧ੍ਰਮੁ ਜਾਈ ॥
ਭਾਜਿ ਚਲੌ ਤ੍ਰਿਯ ਦੇਤ ਗਹਾਈ[8] ॥੪੧॥
ਤਾ ਤੇ ਯਾ ਕੀ ਉਸਤਤਿ ਕਰੋ । ਚਰਿਤ ਖੇਲਿ ਯਾ ਕੋ ਪਰਹਰੋ[9] ॥

---

1, ਭਰ ਜੁਆਨੀ । 2. ਕਾਮ । 3. ਥੋੜਾ । 4. ਧੀਆ । 5. ਘਰ, ਜਗ੍ਹਾ । 6. ਸਾਥ । 7. ਭੋਗਨ ਨਾਲ । 8. ਫੜਾ ਦੇਵੇਗੀ । 9, ਤਿਆਗ ।



Digitized by Panjab Digital Library | www.panjabdigilib.org

ਬਿਨੁ ਰਤਿ ਕਰੈ ਤਰਨਿ ਜਿਯ ਮਾਰੈ ॥
ਕਵਨ ਸਿੱਖਯ ਮੁਹਿ ਆਨਿ ਉਬਾਰੈ ॥੪੨॥
ਅੜਿਲ ਛੰਦ ॥ ਧੰਨਯ ਤਰੁਨਿ ਤਵ ਰੂਪ ਧੰਨਯ ਪਿਤੁ ਮਾਤ ਤਿਹਾਰੋ ॥
ਧੰਨਯ ਤਿਹਾਰੇ ਦੇਸ ਧੰਨਯ ਪ੍ਰਤਿਪਾਲਨਹਾਰੋ ॥
ਧੰਨਯ ਕੁਅਰਿ ਤਵ ਬਕ੍ਰਤ ਅਧਿਕ ਜਾ ਮੈ ਛਬਿ ਛਾਜੈ ॥
ਹੋ ਜਲਜ ਸੂਰ ਅਰੁ ਚੰਦ੍ਰ ਦ੍ਰਪ ਕੰਦ੍ਰਪ ਲਖਿ ਭਾਜੈ ॥੪੩॥
ਸੁਭ ਸੁਹਾਗ ਤਨ ਭਰੇ ਚਾਰੁ ਚੰਚਲ ਚਖੁ ਸੋਹਹਿ ॥
ਖਗ ਮ੍ਰਿਗ ਜੱਛ ਭੁਜੰਗ ਅਸੁਰ ਸੁਰ ਨਰ ਮੁਨਿ ਮੋਹਹਿ ॥
ਸਿਵ ਸਨਕਾਦਿਕ ਥਕਿਤ ਰਹਤ ਲਖਿ ਨੇਤ੍ਰ ਤਿਹਾਰੇ ॥
ਹੋ ਅਤਿ ਅਚਰਜ ਕੀ ਬਾਤ ਚੁਭਤ ਨਹਿ ਹ੍ਰਿਦੈ ਹਮਾਰੇ ॥੪੪॥
ਸਵੈਯਾ ॥ ਪੌਢਤੀ[1] ਅੰਕ[2] ਪ੍ਰਜੰਕ[3] ਲਲਾ[4] ਕੋਂ ਲੈ ਕਾਹੂ ਸੋਂ ਭੇਦ ਨ ਭਾਖਤ ਜੀ ਕੋ ॥
ਕੇਲ ਕਮਾਤ ਬਿਹਾਤ ਸਦਾ ਨਿਸਿ ਮੈਨ ਕਲੋਲ ਨ ਲਾਗਤ ਫੀਕੋ ॥
ਜਾਗਤ ਲਾਜ ਬਢੀ ਤਹ ਮੈ ਡਰ ਲਾਗਤ ਹੈ ਸਜਨੀ ਸਭ ਹੀ ਕੋ ॥
ਤਾਂ ਤੇ ਬਿਚਾਰਤ ਹੌ ਚਿਤ ਮੈ ਇਹ ਜਾਗਨ ਤੇ ਸਖਿ ਸੋਵਨ ਨੀਕੋ ॥੪੫॥
ਦੋਹਰਾ ॥ ਬਹੁਤ ਤ੍ਰਿਯਾ ਤਿਹੱ ਰਾਇ ਸੋ ਯੋਂ ਬਚ ਕਹਯੋ ਸੁਨਾਇ ॥
ਆਜੁ ਭੋਗ ਤੋ ਸੋ ਕਰੋ ਕੈ ਮਰਿਹੌ ਬਿਖੁ ਖਾਇ ॥
ਬਿਸਿਖ ਬਰਾ ਬਰਿ ਨੈਨ ਤਵਿ ਬਿਧਨਾ ਧਰੇ ਬਨਾਇ ॥
ਲਾਜ ਕੌਚ ਮੋ ਕੌ ਦਯੋ ਚੁਭਤ ਨ ਤਾਂ ਤੇ ਆਇ ॥੪੭॥
ਬਨੇ ਠਨੇ ਆਵਤ ਘਨੇ ਹੇਰਤ ਹਰਤ ਗਯਾਨ ॥
ਭੋਗ ਕਰਨ ਕੋ ਕਛੁ ਨਹੀ ਡਹਕੂ ਬੇਰ ਸਮਾਨ ॥੪੮॥
ਧੰਨਯ ਬੇਰ ਹਮ ਤੇ ਜਗਤ ਨਿਰਖਿ ਪਥਿਕ ਕੋ ਲੇਤ ॥
ਬਰਬਸ[5] ਖੁਜਾਵਤ ਫਲ ਪਕਰਿ ਜਾਨ ਬਹੁਰਿ ਘਰ ਦੇਤ ॥੪੯॥
ਅਟ ਪਟਾਇ ਬਾਤੈਂ ਕਰੈ ਮਿਲਯੋ ਚਹਤ ਪਿਯ ਸੰਗ ॥
ਮੈਨ ਬਾਨ[6] ਬਾਲਾ[7] ਬਿਧੀ[8] ਬਿਰਹ ਬਿਕਲ ਭਯੋ ਅੰਗ ॥੫੦॥

---

1. ਲੰਮੇ ਪੈਣਾ । 2. ਜਫੀਆਂ । 3. ਮੰਜੇ ਤੇ । 4. ਪਿਆਰੇ । 5. ਬਦੋਬਦੀ । 6. ਕਾਮ ਰੂਪ ਤੀਰਾਂ ਨਾਲ । 7. ਇਸਤ੍ਰੀ । 8. ਵਿੰਨ੍ਹੀ ਗਈ ।



Digitized by Panjab Digital Library | www.panjabdigilib.org

ਛੰਦ ॥ ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ ॥
ਨਿਜ ਨਾਰੀ ਕੇ ਸਾਥ ਨੇਹ ਤੁਮ ਨਿੱਤ ਬਢੈਯਹੁ ॥
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ[1] ॥੫੧॥
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ ॥
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ ॥
ਪਰ ਨਾਰੀ ਕੇ ਹੇਤ ਸੀਸ ਦਸਸੀਸ[2] ਗਵਾਯੋ ॥
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ ॥੫੨॥
ਪਰ ਨਾਰੀ ਸੋ ਨੇਹੁ ਛੁਰੀ ਪੈਨੀ ਕਰਿ ਜਾਨਹੁ ॥
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ ॥
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥੫੩॥
ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ ॥
ਮਨ ਬਾਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ ॥
ਸਿੱਖਯ ਪੁਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ ॥
ਹੋ ਕਹੁ ਸੁੰਦਰਿ ਤਿਹ ਸਾਥ ਗਵਨ ਕੈਸੇ ਕਰ ਕਰਿਯੈ ॥੫੪॥
ਚੌਪਈ ॥ ਬਚਨ ਸੁਨਤ ਕ੍ਰੁੱਧਿਤ ਤ੍ਰਿਯ ਭਈ ॥ ਜਰਿ ਬਰਿ ਆਠ ਟੂਕ ਹ੍ਵੈ ਗਈ ॥
ਅਬ ਹੀ ਚੋਰਿ ਚੋਰਿ ਕਹਿ ਉਠਿਹੋ ॥ ਤੁਹਿ ਕੋ ਪਕਰਿ ਮਾਰਿ ਹੀ ਸੁਟਿਹੋ ॥੫੫॥
ਦੋਹਰਾ ॥ ਹਸਿ ਖੇਲੋ ਸੁਖ ਸੋਂ ਰਮੋ ਕਹਾ ਕਰਤ ਹੋ ਰੋਖ ॥
ਨੈਨ ਰਹੇ ਨਿਹੁਰਾਇ[3] ਕਸੋ ਹੇਰਤ[4] ਲਗਤ ਨ ਦੋਖ ॥੫੬॥
ਯਾ ਤੇ ਹਮ ਹੇਰਤ ਨਹੀ ਸੁਨਿ ਸਖਿ ਹਮਰੇ ਬੈਨ ॥
ਲਖੇ ਲਗਨ ਲਗਿ ਜਾਇ ਜਿਨ ਬਡੇ ਬਿਰਹਿ ਯਾ ਨੈਨ ॥੫੭॥
ਛਪੈ ਛੰਦ ॥ ਦਿਜਨ ਦੀਜਿਯਹੁ ਦਾਨ ਦੁਜਨ ਕਹਿ ਦ੍ਰਿਸਟਿ ਦਿਖੈਯਹੁ ॥
ਸੁਖੀ ਰਾਖਿਯਹੁ ਸਾਥ ਸਤ੍ਰੁ ਸਿਰ ਖੜਗ ਬਜੈਯਹੁ ॥
ਲੋਕ ਲਾਜ ਕਉ ਛਾਡਿ ਕਛੂ ਕਾਰਜ ਨਹਿ ਕਰਿਯਹੁ ॥

1, ਜਾਣਾ। 2, ਰਾਵਨ। 3, ਨੀਵੇਂ। 4, ਦੇਖ ਕੇ।



Digitized by Panjab Digital Library | www.panjabdigilib.org

ਪਰ ਨਾਰੀ ਕੀ ਸੇਜ ਪਾਵ ਸੁਪਨੇ ਹੂੰ ਨ ਧਰਿਯਹੁ ॥
ਗੁਨ ਜਬ ਤੇ ਮੁਹਿ ਕਹਯੋ ਇਹੈ ਪ੍ਰਣ ਲਯੋ ਸੁ ਧਾਰੈ ॥
ਹੋ ਪਰ ਧਨ ਪਾਹਨ ਤੁੱਲਿ ਤ੍ਰਿਯਾ ਪਰ ਮਾਤ ਹਮਾਰੈ ॥੫੮॥
ਦੋਹਰਾ ॥ ਸੁਨਤ ਰਾਵ ਕੇ ਬਚ ਸ੍ਰਵਨ ਤਿਯ ਮਨ ਅਧਿਕ ਰਿਸਾਇ ॥
ਚੋਰ ਚੋਰ ਕਹਿ ਕੈ ਉਠੀ ਸਿੱਖਜਨ ਦਿਯੋ ਜਗਾਇ ॥੫੯॥
ਸੁਨਤ ਚੋਰ ਕੋ ਬਚ ਸ੍ਰਵਨ ਅਧਿਕ ਡਰਯੋ ਨਰਨਾਹਿ ॥
ਪਨ੍ਹੀ* ਪਾਮਰੀ† ਤਜਿ ਭਜਯੋ ਸੁਧਿ ਨ ਰਹੀ ਮਨ ਮਾਹਿ ॥੬੦॥

## ਬਾਈਸਵੋਂ ਚਰਿਤਰ

ਦੋਹਰਾ ॥ ਸੁਨਤ ਚੋਰ ਕੇ ਬਚ ਸ੍ਰਵਨ ਉਠਯੋ ਰਾਇ ਡਰ ਧਾਰ ॥
ਭਜਯੋ ਜਾਇ ਡਰ ਪਾਇ ਮਨ ਪਨ੍ਹੀ1 ਪਾਮਰੀ2 ਡਾਰਿ ॥੧॥
ਚੋਰ ਸੁਨਤ ਜਾਗੇ ਸਭੈ ਭਜੈ ਨ ਦੀਨਾ ਰਾਇ ॥
ਕਦਮ ਪਾਂਚ ਸਾਤਕ ਲਗੇ ਮਿਲੇ ਸਿਤਾਬੀ ਆਇ ॥੨॥
ਚੌਪਈ ॥ ਚੋਰ ਬਚਨ ਸਭ ਹੀ ਸੁਨਿ ਧਾਏ ॥
ਕਾਢੇ ਖੜਗ ਰਾਇ ਪ੍ਰਤਿ ਆਏ ॥
ਕੂਕਿ ਕਹੈਂ ਤਹਿ ਜਾਨ ਨ ਦੈਹੈਂ ॥
ਤੁਹਿ ਤਸਕਰ3 ਜਮ ਧਾਮ ਪਠੈਹੈਂ ॥੩॥
ਦੋਹਰਾ ॥ ਆਗੇ ਪਾਛੇ ਦਾਹਨੇ ਘੇਰਿ ਦਸੋ ਦਿਸ ਲੀਨ ॥
ਪੈਂਡ ਭਜਨ ਕੋ ਨਾ ਰਹਯੋ ਰਾਇ ਜਤਨ ਯੋਂ ਕੀਨ ॥੪॥
ਵਾ ਕੀ ਕਰ ਦ੍ਰਾਰੀ ਧਰੀ ਪਗਿਯਾ ਲਈ ਉਤਾਰਿ ॥
ਚੋਰ ਚੋਰ ਕਰਿ ਤਿਹ ਗਹਯੋ ਦ੍ਵੈਕ ਮੁਤਹਰੀ ਝਾਰਿ ॥੫॥
ਲਗੇ ਮੁਤਹਰੀ ਕੇ ਗਿਰਯੋ ਭੂਮ ਮੂਰਛਨਾ ਖਾਇ ॥
ਭੇਦ ਨ ਕਾਹੂੰ ਨਰ ਲਹਯੋ ਮੁਸਕੈਂ ਲਈ ਚੜ੍ਹਾਇ ॥੬॥
ਲਾਤ ਮੁਸਟ ਬਾਜਨ ਲਗੀ ਸਿਖਜ ਪਹੂੰਚੇ ਆਇ ॥
ਭ੍ਰਾਤ ਭ੍ਰਾਤਿ ਤ੍ਰਿਯ ਕਹਿ ਰਹੀ ਕੋਊ ਨ ਸਕਯੋ ਛੁਰਾਇ4 ॥੭॥
ਚੌਪਈ ॥ ਜੂਤੀ ਬਹੁ ਤਿਹੱ ਮੂੰਡ ਲਗਾਈ॥ ਤਾ ਕੀ ਐਠ5 ਚੜਾਈ ॥

*ਜੁਤੀ । †ਰੇਸ਼ਮੀ ਚਾਦਰ । 1. ਜੁਤੀ । 2. ਰੇਸ਼ਮੀ ਚਾਦਰ । 3. ਚੋਰ । 4. ਛੁਡਾ ।
5. ਖਿਚ ਕੇ ।



Digitized by Panjab Digital Library | www.panjabdigilib.org

ਬੰਦਸਾਲ ਤਿਹ ਦਿਯਾ ਪਠਾਈ ॥ ਆਨਿ ਆਪਨੀ ਸੇਜ ਸੁਹਾਈ ॥੮॥
ਇਹ ਛਲ ਖੇਲਿ ਰਾਇ ਭਜ ਆਯੋ ॥ ਬੰਦਸਾਲ ਤ੍ਰਿਯ ਭ੍ਰਾਤ ਪਠਾਯੋ ॥
ਸਿਖਜਨ ਭੇਦ ਅਭੇਦ ਨ ਪਾਯੋ ॥ ਵਾ ਹੀ ਕੋ ਤਸਕਰ ਠਹਰਾਯੋ ॥੯॥੧॥

## 'ਤੇਈਸਵੋਂ ਚਰਿਤਰ'

ਚੌਪਈ ॥ ਭਯੋ ਪ੍ਰਾਤ ਸਭ ਹੀ ਜਨ ਜਾਗੇ ॥ ਅਪਨੇ ਅਪਨੇ ਕਾਰਜ ਲਗੇ ॥
ਰਾਇ ਭਵਨ ਤੇ ਬਾਹਰ ਆਯੋ ॥ ਸਭਾ ਬੈਠਿ ਦੀਵਾਨ ਲਗਾਯੋ ॥੧॥
ਦੋਹਰਾ ॥ ਪ੍ਰਾਤ ਭਏ ਤਵਨੈ ਤ੍ਰਿਯਾ ਹਿਤ ਤਜਿ ਰਿਸ ਉਪਜਾਇ ॥
ਪਨ੍ਹੀ ਪਾਮਰੀ ਜੋ ਹੁਤੇ ਸਭਹਿਨ ਦਏ ਦਿਖਾਇ ॥੨॥
ਚੌਪਈ ॥ ਰਾਇ ਸਭਾ ਮਹਿ ਬਚਨ ਉਚਾਰੇ ॥ ਪਨ੍ਹੀ ਪਾਮਰੀ ਹਰੇ ਹਮਾਰੇ ॥
ਤਾਂਹਿ ਸਿਖਯ ਜੋ ਹਮੈਂ ਬਤਾਵੈ ॥ ਤਾ ਕੇ ਕਾਲ ਨਿਕਟ ਨਹਿ ਆਵੈ ॥੩॥
ਦੋਹਰਾ ॥ ਬਚਨ ਸੁਨਤ ਗੁਰ ਬਕ੍ਤ੍ਰ ਤੇਂ ਸਿਖਯ ਨ ਸਕੇ ਦੁਰਾਇ ॥
ਪਨ੍ਹੀ ਪਾਮਰੀ ਕੇ ਸਹਿਤ ਸੋ ਤ੍ਰਿਯ ਦਈ ਬਤਾਇ ॥
ਚੌਪਈ ॥ ਤਬੈ ਰਾਇ ਯੌ ਬਚਨ ਉਚਾਰੇ ॥ ਗਹਿ ਲਯਾਵਹੁ ਤਿਹੱ ਤੀਰ ਹਮਾਰੇ ॥
ਪਨ੍ਹੀ ਪਾਮਰੀ ਸੰਗ ਲੈ ਐਯਹੁ॥ ਮੋਰਿ ਕਹੇ ਬਿਨੁ ਤ੍ਰਾਸ ਨ ਦੈਯਹੁ ॥ ੫ ॥
ਦੋਹਰਾ ॥ ਸੁਨਤ ਰਾਇ ਕੇ ਬਚਨ ਕੋ ਲੋਗਿ ਪਰੇ ਅਰ ਰਾਇ ॥
ਪਨ੍ਹੀ ਪਾਮਰੀ ਤ੍ਰਿਯ ਸਹਿਤ ਲਯਾਵਤ ਭਏ ਬਨਾਇ ॥੬॥
ਅੜਿਲ ॥ ਕਹੁ ਸੁੰਦਰਿ ਕਿਹ ਕਾਜ ਬਸਤ੍ਰ ਤੈਂ ਹਰੇ ਹਮਾਰੇ ॥
ਦੇਖ ਭਟਨ ਕੀ ਭੀਰਿ ਤ੍ਰਾਸ ਉਪਜਯ ਨ ਤਿਹਾਰੇ ॥
ਜੋ ਚੋਰੀ ਜਨ ਕਰੈ ਕਹੌ ਤਾ ਕੋ ਕਯਾ ਕਰਿਯੈ ॥
ਹੋ ਨਾਰਿ ਜਾਨਿ ਕੈ ਟਰੋ ਨਤਰ ਜਿਯ ਤੇ ਤੁਹਿ ਮਰਿਯੈ ॥੭॥
ਦੋਹਰਾ ॥ ਪਤ ਪਿਯਰੀ ਮੁਖ ਪਰ ਗਈ ਨੈਨ ਰਹੀ ਨਿਹੁਰਾਇ ॥
ਧਰਕ ਧਰਕ ਛਤਿਯਾ ਕਰੈ ਬਚਨ ਨ ਭਾਖਯੋ ਜਾਇ ॥੮॥
ਅੜਿਲ ॥ ਹਮ ਪੂਛਹਿੰਗੇ ਯਾਹਿ ਨ ਤੁਮ ਕਛੁ ਭਾਖਿਯੋ ॥
ਯਾਹੀ ਕੇ ਘਰ ਮਾਂਹਿ ਭਲੀ ਬਿਧਿ ਰਾਖਿਯੋ ॥
ਨਿਰਨੈ ਕਰਿਹੈਂ ਏਕ ਇਕਾਂਤ ਬੁਲਾਇ ਕੈ ॥
ਹੋ ਤਬ ਦੈਹੈਂ ਇਹ ਜਾਨ ਹ੍ਰਿਦੈ ਸੁਖੁ ਪਾਇ ਕੈ ॥੯॥



Digitized by Panjab Digital Library | www.panjabdigilib.org

ਚੌਪਈ ॥ ਪ੍ਰਾਤ ਭਯੋ ਤ੍ਰਿਯ ਬਹੁਰਿ ਬੁਲਾਈ ॥ ਸਕਲ ਕਥਾ ਕਹਿ ਤਾਹਿ ਸੁਨਾਈ ॥
ਤੁਮ ਕ੍ਰਿਪਿ ਹਮ ਪਰਿ ਚਰਿਤ ਬਨਾਯੋ॥ਹਮ ਹੂੰ ਤੁਮ ਕਹ ਚਰਿਤ ਦਿਖਾਯੋ॥੧੦॥
ਤਾ ਕੋ ਭ੍ਰਾਤ ਬੰਦਿ ਤੇ ਛੋਰਯੋ ॥ ਭਾਂਤਿ ਭਾਂਤਿ ਤਿਹ ਤ੍ਰਿਯਹਿ ਨਿਹੋਰਯੋ ॥
ਬਹੁਰਿ ਐਸ ਜਿਯ ਕਬਹੂੰ ਨ ਧਰਿਯਹੁ॥ਮੋ ਅਪਰਾਧ ਛਿਮਾਪਨ ਕਰਿਯਹੁ॥੧੧॥
ਦੋਹਰਾ ॥ ਛਿਮਾ ਕਰਹੁ ਅਬ ਤ੍ਰਿਯ ਹਮੈਂ ਬਹੁਰਿ ਨ ਕਰਿਯਹੁ ਰਾਰਿ ॥
ਬੀਸ ਸਹੰਸ ਟਕਾ ਤਿਸੈ ਦਈ ਛਿਮਾਹੀ ਬਾਧਿ ॥ ੧੨ ॥ ੧ ॥
ਇਤਿ ਸ੍ਰੀ ਚਰਿਤ੍ਰ ਪਖ੍ਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਤੇਈਸਵੋਂ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ ॥ ੨੩ ॥ ੪੪੯ ॥ ਅਫਜੂੰ ॥

(ਦਸਮ ਗ੍ਰੰਥ ਪੰਨਾ 838 ਤੋਂ 844 ਤਕ)

ਦਸਮ ਗ੍ਰੰਥ ਦੇ ਪਾਠ ਤੋਂ ਮੈਨੂੰ ਖਾਸ ਤੌਰ ਤੇ 33 ਸਵੱਈਆਂ ਦਾ ਪਾਠ ਦਿਲ ਵਿਚ ਬਹੁਤ ਚੁਭਿਆ ਹੈ। ਖੋਜ ਕਰਨ ਤੋਂ ਇਹ ਪਤਾ ਲੱਗਾ ਹੈ ਕਿ ਗੁਰੂ ਮਹਾਰਾਜ ਨੇ ਅੰਮ੍ਰਿਤ ਛਕਣ ਦੇ ਬਾਅਦ ਇਹ ਸਵੱਈਆ ਉਚਾਰ ਕੇ ਸਿੱਖਾਂ ਨੂੰ ਅਸਲੀ ਸਿੱਖੀ ਦਾਨੇ ਪ੍ਰਤਖ ਰੂਪ ਇਹਨਾਂ ਸਵੱਈਆਂ ਵਿਚ ਦੱਸਿਆ ਹੈ। ਜੇ ਧਿਆਨ ਕੀਤਾ ਜਾਵੇ ਤਦ ਇਹ ਠੀਕ ਨਜ਼ਰ ਆਉਂਦਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਕਈ ਨਿਹੰਗ ਸਿੰਘਾਂ ਦੇ ਜਥੇ 33 ਸਵੱਈਆਂ ਦਾ ਪਾਠ ਵੀ ਅੰਮ੍ਰਿਤ ਛਕਾਉਣ ਸਮੇਂ ਕਰਦੇ ਹਨ। ਪਰ ਇਸ ਬਾਰੇ ਮੈਨੂੰ ਨਿਜੀ ਪਤਾ ਨਹੀਂ ਹੈ, ਪਰ ਮੈਂ ਬਹੁਤ ਸੱਜਣਾਂ ਨੂੰ ਇਹਨਾਂ ਦਾ ਪਾਠ ਕਰਦਿਆਂ ਸੁਣਿਆਂ ਹੈ। ਮੇਰੇ ਖਿਆਲ ਵਿਚ ਇਨ੍ਹਾਂ ਦਾ ਪਾਠ ਵੀ ਸਿੱਖਾਂ ਲਈ ਜ਼ਰੂਰੀ ਹੈ ਤੇ ਮੈਂ ਵੀ 1909 ਤੋਂ ਇਨ੍ਹਾਂ ਦਾ ਪਾਠ ਕਰਦਾ ਆਇਆ ਹਾਂ! ਜੇਕਰ ਵਿਚਾਰ ਕੀਤਾ ਜਾਵੇ ਤਦ ਜੋ ਕੁਝ ਗੁਰੂ ਮਹਾਰਾਜ ਨੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਸੀ। ਉਹ ਇਹਨਾਂ 33 ਸਵੱਈਆਂ ਵਿਚ ਪੂਰੀ ਤਰ੍ਹਾਂ ਅੰਕਿਤ ਹੈ। ਸਭ ਤੋਂ ਪਹਿਲਾ ਇਸ ਤਰ੍ਹਾਂ ਹੈ:—

"ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾ ਮਨੁ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਨੈਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥ ੧ ॥"

ਇਸ ਸਵੱਈਏ ਵਿਚ ਖਾਲਸੇ ਦਾ ਅਸਲ ਤੇ ਪੂਰਨ ਰੂਪ ਦੱਸਿਆ ਹੈ, ਅਗਲੇ ਕੁਝ ਕੁ ਸਵੱਈਆਂ ਵਿਚ ਅਕਾਲ ਪੁਰਖ ਦੀ ਉਸਤਤੀ ਤੇ ਗੁਣ ਵਰਣਨ ਕੀਤੇ ਹਨ।



Digitized by Panjab Digital Library | www.panjabdigilib.org

ਸਮੁੱਚੇ ਸਵਈਆਂ ਸੰਖੇਪ ਜਿਹਾ ਭਾਵ ਇਥੇ ਦਿੱਤਾ ਜਾਂਦਾ ਹੈ--

ਉਹ ਸਤਿ ਹੈ, ਸਦਾ ਹੈ, ਉਸ ਦਾ ਆਦਿ ਅੰਤ ਕੋਈ ਨਹੀਂ। ਦਵੈਖ ਨਾਲ ਨਹੀਂ। ਭੇਖ ਵਾਲਾ ਨਹੀਂ, ਵੱਡਾ ਮਾਲਕ ਹੈ। ਸਤਿ ਸਰੂਪ ਹੈ। ਮੁਢ ਤੋਂ ਹੈ, ਮੁੱਢ ਤੋਂ ਅਡਿੱਗ ਹੈ। ਗਿਣਤੀ ਤੋਂ ਰਹਿਤ ਹੈ। ਇਕ ਸਾਰ ਹੈ। ਉਸ ਦੀ ਥਾਂ ਕੋਈ ਨਹੀਂ ਪਾ ਸਕਿਆ। ਛੇਦਿਆ ਨਹੀਂ ਜਾ ਸਕਦਾ, ਭੇਦ ਤੋਂ ਰਹਿਤ, ਕਿਸੇ ਲੇਖ ਵਿਚ ਨਹੀਂ, ਸਤਿ ਸਰੂਪ ਸਤਿ ਦੀ ਬ੍ਰਿਤੀ ਵਾਲੀ ਬੇਦ ਕਤੇਬ ਤੂੰ ਹੀ ਪੈਦਾ ਕੀਤੇ। ਦੇਵਤੇ ਤੇ ਰਾਖਸ਼ਾਂ ਦਾ ਪੂਜ, ਧਰਤੀ ਨੂੰ ਧਾਰਨ ਕਰਨ ਵਾਲਾ ਆਦਿ ਕਈ ਵਿਸ਼ੇਸ਼ਣ ਦਿਤੇ ਹਨ।

ਅੱਠ ਸਵੱਈਆਂ ਤਕ ਉਸਤਤੀ ਹੀ ਹੈ। ਅੱਗੇ ਜਾ ਕੇ ਕਹਿੰਦੇ ਹਨ ਕਿ ਦੇਵਤਿਆਂ, ਦੈਂਤਾਂ, ਨਾਗਾਂ ਤੇ ਪ੍ਰਸਿੱਧ ਸਿੱਧਾਂ ਨੇ ਤੇਰੇ ਗੁਣ ਗਾਏ। ਵੇਦ ਪੁਰਾਨ, ਕੁਰਾਨ ਵੀ ਤੇਰੇ ਗੁਣ ਗਾ ਰਹੇ ਹਨ ਤੇ ਸਾਰੀ ਕੁਦਰਤ ਵੀ ਉਸੇ ਦੇ ਗੁਣ ਹੀ ਗਾ ਰਹੀ ਹੈ!

ਪਰ ਤੇਰਾ ਭੇਦ ਕਿਸੇ ਨੇ ਨਹੀਂ ਪਾਇਆ। ਅੱਗੇ ਜਾ ਕੇ ਵੱਖੋ ਵੱਖ ਲੋਕਾਂ ਦਾ ਇਸ਼ਟ ਦੱਸਦੇ ਹਨ। ਕਿਸੇ ਨੇ ਠਾਕਰ ਨੂੰ ਘੁੱਟ ਕੇ ਗਲੇ ਵਿਚ ਬੰਨ੍ਹਿਆ ਹੈ। ਕਿਸੇ ਨੇ ਸ਼ਿਵ ਜੀ ਨੂੰ ਹੀ ਕਰਤਾਰ ਕਿਹਾ ਹੈ। ਕੋਈ ਕਹਿੰਦਾ ਹੈ ਕਿ ਹਰੀ ਮੰਦਰ ਦੇ ਅੰਦਰ ਹੈ। ਕੋਈ ਹਰੀ ਨੂੰ ਮਸੀਤ ਦੇ ਅੰਦਰ ਮੰਨਦਾ ਹੈ। ਕਿਸੇ ਨੇ ਰਾਮ ਨੂੰ, ਕਿਸੇ ਕ੍ਰਿਸ਼ਨ ਨੂੰ ਤੇ ਕਿਸੇ ਨੇ ਹੋਰ ਅਵਤਾਰਾਂ ਨੂੰ ਹੀ ਰੱਬ ਮੰਨ ਲਿਆ ਹੈ। ਮੈਂ ਸਾਰੇ ਨਿਕੰਮੇ ਧਰਮਾਂ ਨੂੰ ਛੱਡ ਕੇ ਕਰਤਾਰ ਨੂੰ ਹੀ ਸਭ ਦਾ ਕਰਤਾ ਮੰਨਿਆਂ ਹੈ। ਹਿੰਦੂ ਲੋਕ ਕਿਸੇ ਵੱਡੇ ਪੁਰਖ ਨੂੰ ਰੱਬ ਜਾਣਦੇ ਹਨ ਤੇ ਕਈ ਦੂਜੇ ਨੂੰ ਰੱਬ ਦਾ ਦਰਜਾ (ਮੰਨਦੇ ਹਨ ਤੇ) ਦਿੰਦੇ ਹਨ।

ਸਤਿਗੁਰੂ ਖੁਲ੍ਹ ਕੇ ਆਖਦੇ ਹਨ ਕਿ ਕਿਉਂ ਸ਼ਿਵ ਜੀ ਨੂੰ ਈਸ਼ਵਰ ਕਹਿੰਦੇ ਹੋ ਤੇ ਕਿਉਂ ਬ੍ਰਹਮਾ ਨੂੰ ਪਰਮੇਸ਼ਰ ਆਖਦੇ ਹੋ। ਸ੍ਰੀ ਰਾਮਚੰਦ੍ਰ ਤੇ ਕ੍ਰਿਸ਼ਨ ਤੇ ਵਿਸ਼ਨੂੰ ਨੂੰ ਵੀ ਰੱਬ ਕਰਕੇ ਕਿਉਂ ਮੰਨਦੇ ਹੋ? ਇਕ ਨੂੰ ਛੱਡ ਕੇ ਅਨੇਕਾਂ ਦੀ ਪੂਜਾ ਕਿਉਂ ਕਰਦੇ ਹੋ? ਸੁਕਦੇਵ, (ਵਿਆਸ ਦਾ ਪੁਤਰ ਤੇ ਭਾਗਵਤ ਪੁਰਾਨ ਦਾ ਲਿਖਣ ਵਾਲਾ) ਪਰਾਸ਼ਰ (ਰਿਗਵੇਦ ਦੇ ਕੁਝ ਮੰਤ੍ਰ ਲਿਖਣ ਵਾਲਾ) ਵਿਆਸ (ਜਿਸ ਨੇ ਵੇਦਾਂ ਦਾ ਸੰਗ੍ਰਹਿ ਤੇ ਸੰਪਾਦਨ ਕੀਤਾ ਤੇ ਮਹਾ ਭਾਰਤ ਲਿਖੀ) ਇਹਨਾਂ ਸਾਰਿਆਂ ਨੇ ਇਕ ਨੂੰ ਛੱਡ ਕੇ ਅਨੇਕਾਂ ਦੀ ਪੂਜਾ ਕੀਤੀ ਜੋ ਗਲਤ ਹੈ। ਅਸੀਂ ਸਾਰੇ ਫ਼ਜ਼ੂਲ ਧਰਮਾਂ ਨੂੰ ਤਿਆਗ ਕੇ ਇਕ ਅਕਾਲ ਪੁਰਖ ਨੂੰ ਹੀ ਭਲੀ ਪ੍ਰਕਾਰ ਮੰਨਿਆਂ ਹੈ।



Digitized by Panjab Digital Library | www.panjabdigilib.org

ਅੱਗੇ ਕਹਿੰਦੇ ਹਨ : ਕੋਈ ਬ੍ਰਹਮਾ ਨੂੰ ਈਸ਼ਵਰ ਮੰਨਦਾ ਹੈ। ਕੋਈ ਸ਼ਿਵ ਨੂੰ ਜਗਤ ਦਾ ਮਾਲਕ ਦਸਦਾ ਹੈ। ਕੋਈ ਵਿਸ਼ਨੂੰ ਨੂੰ ਰੱਬ ਸਮਝਦਾ ਹੈ ਤੇ ਕਹਿੰਦਾ ਹੈ ਕਿ ਉਸ ਦੇ ਸਿਮਰਣ ਨਾਲ ਸਭ ਪਾਪ ਕੱਟੇ ਜਾਂਦੇ ਹਨ। ਹੇ ਮੂਰਖ ! ਹਜ਼ਾਰ ਵਾਰੀ ਸੋਚ ਵਿਚਾਰ ਕਰ ਲੈ ਅੰਤ ਵੇਲੇ ਸਭ ਛੱਡ ਜਾਣਗੇ। ਕੇਵਲ ਉਸੇ ਦਾ ਧਿਆਨ ਹੀ ਹਿਰਦੇ ਵਿਚ ਦ੍ਰਿੜ੍ਹ ਕਰ ਜੋ ਪਹਿਲਾਂ ਵੀ ਸੀ ਤੇ ਹੁਣ ਵੀ ਮੌਜੂਦ ਹੈ ਅੱਗੇ ਵੀ ਸਦਾ ਹੋਵੇਗਾ। ਜਿਸ ਨੇ ਕ੍ਰੋੜਾਂ ਇੰਦਰ ਤੇ ਕਈ ਕ੍ਰੋੜਾਂ ਰਾਵਨ ਬਣਾ ਕੇ ਖਪਾ ਛੱਡੇ ਹਨ। ਦਾਨਵ, ਦੇਵਤੇ ਧਰਤੀ ਨੂੰ ਧਾਰਨ ਕਰਨ ਵਾਲੇ ਸ਼ੇਸ਼ਨਾਗ, ਪਸ਼ੂ ਤੇ ਪੰਛੀ ਜੋ ਗਿਣੇ ਨਹੀਂ ਜਾ ਸਕਦੇ। ਸ਼ਿਵ ਤੇ ਬ੍ਰਹਮਾ ਅਜ ਤਕ ਤਪ ਸਾਧ ਕੇ ਉਸ ਦਾ ਪਾਰ ਨਹੀਂ ਪਾ ਸਕੇ, ਵੇਦਾਂ ਤੇ ਕਤੇਬਾਂ ਨੇ ਜਿਸ ਦਾ ਭੇਦ ਨਹੀਂ ਪਾਇਆ। ਉਸ ਦਾ ਜੋ ਗੁਰੂਆਂ ਦਾ ਗੁਰੂ ਉਹੀ ਹੈ ਤੇ ਉਹ ਹੀ ਮੈਨੂੰ ਦਸਿਆ ਗਿਆ ਹੈ।

ਠੱਗਣ ਵਾਲਿਆਂ ਨੇ ਸਿਰਾਂ ਤੇ ਜਟਾਵਾਂ ਤੇ ਹੱਥਾਂ ਦੇ ਨਹੁੰ ਵਧਾਕੇ ਦਿਖਾਵੇ ਦੀਆਂ ਸਮਾਧੀਆਂ ਲਗਾਕੇ ਸਾਰੇ ਲੋਕਾਂ ਨੂੰ ਠੱਗਿਆ। ਮੂੰਹ ਉਤੇ ਸੁਆਹ ਮਲਕੇ ਫਿਰਦਿਆਂ ਨੇ ਦੇਵਤੇ ਤੇ ਪ੍ਰੇਤਾਂ ਨੂੰ ਵੀ ਛਲ ਲਿਆ। ਲੋਭ ਵਿਚ ਲਗਕੇ ਘਰ ਘਰ ਫਿਰ ਫਿਰ ਕੇ ਜੋਗ ਦੇ ਸਾਰੇ ਤਰੀਕੇ ਭੁਲਾ ਛੱਡੇ ਤੇ ਪ੍ਰਾਪਤ ਕੁਝ ਵੀ ਨਾ ਹੋਇਆ। ਲਾਜ ਗਈ ਤੇ ਕੋਈ ਕੰਮ ਨ ਸੌਰਿਆ। ਅਸਲ ਗੱਲ ਇਹ ਹੈ ਕਿ ਬਿਨਾਂ ਪ੍ਰੇਮ ਦੇ ਪ੍ਰਭੂ ਹੱਥ ਨਹੀਂ ਆਉਂਦਾ।

ਹੇ ਮੂਰਖ ਮਨ ! ਪਖੰਡ ਕਿਉਂ ਕਰਦਾ ਹੈਂ। ਪਖੰਡ ਕੀਤਿਆਂ ਆਪਣੀ ਪਤ ਗਵਾ ਲਏਂਗਾ। ਕਿਉਂ ਲੋਕਾਂ ਨੂੰ ਠਗਦਾ ਹੈਂ। ਲੋਕਾਂ ਨੂੰ ਠਗਕੇ ਲੋਕ ਤਾਂ ਵਿਗੜਿਆ ਪ੍ਰਲੋਕ ਵੀ ਗਵਾ ਲਏਂਗਾ। ਦੀਨਾਂ ਪਰ ਦਿਆਲੂ ਹੋਣ ਵਾਲੇ ਰੱਬ ਦੀ ਦਰਗਾਹ ਜਿੱਥੇ ਹੈ ਉਸ ਟਿਕਾਣੇ ਤੈਨੂੰ ਠੌਰ ਨਹੀਂ ਮਿਲਦੀ। ਹੇ ਬੇ-ਸਮਝ ਤੇ ਮਹਾਂ ਮੂਰਖਾ ! ਭੇਖਾਂ ਦੇ ਕਰਨ ਨਾਲ ਅਲਖ ਨੂੰ ਨਹੀਂ ਪਾ ਸਕਦਾ। ਤੇ ਉਸ ਰੱਬ ਨੂੰ ਸਿਮਰ ਤੇ ਚੇਤੇ ਕਰ।

ਪੱਥਰਾਂ ਨੂੰ ਕਿਉਂ ਪੂਜਦਾ ਹੈਂ। ਪੱਥਰਾਂ ਵਿਚ ਪਰਮੇਸ਼ਰ ਨਹੀਂ। ਉਸੇ ਨੂੰ ਹੀ ਪ੍ਰਭੂ ਜਾਣ ਕੇ ਪੂਜ ਜਿਸ ਦੇ ਪੂਜਣ ਨਾਲ ਸਾਰੇ ਪਾਪ ਮਿਟ ਜਾਂਦੇ ਹਨ। ਆਧੀ ਵਿਆਧੀ ਦੇ ਜਿਤਨੇ ਬੰਧਨ ਹਨ ਵਾਹਿਗੁਰੂ ਦਾ ਨਾਮ ਲੈਣ ਨਾਲ ਹੀ ਸਭ ਖੁਲ੍ਹ ਜਾਂਦੇ ਹਨ। ਸਦਾ ਉਸ ਦਾ ਹੀ ਧਿਆਨ ਦ੍ਰਿੜ੍ਹ ਕਰ, ਇਹ ਫਜ਼ੂਲ ਧਰਮ ਧਾਰਿਆਂ ਕੋਈ ਫਲ ਨਹੀਂ ਦਿੰਦੇ।

ਕ੍ਰੋੜਾਂ ਨੇ ਪੱਥਰ ਪੂਜ ਕੇ ਕਈ ਹੀ ਜੁਗ ਵਿਅਰਥ ਗਵਾ ਦਿੱਤੇ ਪਰ ਫਲ ਕੋਈ



Digitized by Panjab Digital Library | www.panjabdigilib.org

ਨਹੀਂ ਮਿਲਿਆ। ਪੱਥਰਾਂ ਨੂੰ ਪੂਜਣ ਨਾਲ ਬਲ ਤੇ ਵਡਿਆਈ ਵੀ ਘਟ ਗਈ ਤੇ ਪਦਾਰਥ ਵੀ ਨਾ ਮਿਲਿਆ : ਅੱਜ ਅੱਜ ਕਹਿਦਿਆਂ ਸਮਾਂ ਬੀਤਿਆ ਕੋਈ ਕੰਮ ਨਾਂ ਸੌਰਿਆ ਤੇ ਲਾਜ ਵੀ ਨਾ ਆਈ।

ਹੇ ਮੂਰਖ ! ਤੂੰ ਵਾਹਿਗੁਰੂ ਨੂੰ ਨਾ ਸਿਮਰਿਆ ਤੇ ਐਵੇਂ ਹੀ ਉਮਰ ਗਵਾ ਲਈ। ਜੇ ਤੂੰ ਜੁਗਾਂ ਤਕ ਤਪ ਕਰਦਾ ਰਹੇਂ ਤਾਂ ਪੱਥਰ ਨੇ ਤੈਨੂੰ ਕੋਈ ਪ੍ਰਸੰਨਤਾ ਨਹੀਂ ਦੇਣੀ। ਤੇ ਮੂਰਖ ! ਹੱਥ ਉੱਚਾ ਕਰਕੇ ਵੀ ਤੈਨੂੰ ਕੋਈ ਵਰਦਾਨ ਨਹੀਂ ਦੇਣ ਲੱਗਾ। ਤੂੰ ਕਿਸ ਭਰੋਸੇ ਤੇ ਇਸ ਦੀ ਪੂਜਾ ਕਰ ਰਿਹਾ ਹੈਂ, ਜੇ ਕਿਤੇ ਭੀੜ ਆ ਗਈ ਤਾਂ ਇਸ ਨੇ ਤੈਨੂੰ ਆ ਕੇ ਨਹੀਂ ਬਚਾਉਣਾ। ਹੇ ਹਠ ਕਰਨ ਵਾਲੇ ! ਤੂੰ ਚੰਗੀ ਤਰ੍ਹਾਂ ਜਾਣ ਲੈ,ਤੂੰ ਹੁਣ ਜਾਣ-ਬੁੱਝ ਕੇ ਹੀ ਅੰਜਾਣ ਬਣ ਰਿਹਾ ਹੈਂ। ਫੋਕੇ ਧਰਮ ਦੇ ਭਰਮ ਵਿਚ ਉਮਰ ਗਵਾ ਰਿਹਾ ਹੈਂ।

ਸਭ ਹੀ ਮੌਤ ਦੇ ਫੰਦੇ ਵਿਚ ਫਸੇ, ਕੋਈ ਵੀ ਰਾਮ ਰਸੂਲ ਵੀ ਨਹੀਂ ਬਚ ਸਕਿਆ। ਦੇਵਤੇ, ਦੈਂਤ, ਧਰਤੀ ਤੇ ਧਾਰਨ ਵਾਲੇ ਸ਼ੇਸ਼ਨਾਗ ਆਦਿ ਸਭ ਨੂੰ ਪੈਦਾ ਕਰਕੇ ਮਿਟਾਂਵਦਾ ਰਿਹਾ ਤੇ ਅੱਗੋਂ ਵੀ ਇਸੇ ਤਰ੍ਹਾਂ ਕਰੇਗਾ। ਜਗਤ ਵਿਚ ਜੇਹੜੇ ਅਵਤਾਰ ਵੀ ਕਹਾ ਗਏ ਅੰਤ ਧਰਤੀ ਤੇ ਪਛਤਾਕੇ ਮਰੇ। ਤੂੰ ਕਿਉਂ ਨਹੀਂ ਅਕਾਲ ਪੁਰਖ ਦੇ ਚਰਨੀਂ ਜਾ ਪੈਂਦਾ।

ਅਕਾਲ ਪੁਰਖ ਦੀ ਕਿਰਪਾ ਨਾਲ ਬ੍ਰਹਮਾ ਪੈਦਾ ਹੋਇਆ ਜੋ ਡੰਡ ਕਮੰਡਲ ਫੜ ਕੇ ਧਰਤੀ ਤੇ ਫਿਰਦਾ ਰਿਹਾ ਤੇ ਉਸ ਅਕਾਲ ਪੁਰਖ ਦੇ ਹੁਕਮ ਅੰਦਰ ਸ਼ਿਵ ਜੀ ਵੀ ਹੋਇਆ। ਅਕਾਲ ਪੁਰਖ ਹੀ ਜਗਤ ਨੂੰ ਪੈਦਾ ਕਰਦਾ ਤੇ ਮਿਟਾ ਦਿੰਦਾ ਹੈ। ਸਾਰੇ ਵੇਦਾਂ ਤੇ ਕਤੇਬਾਂ ਨੇ ਵੀ ਸਭ ਨੂੰ ਛੱਡ ਕੇ ਉਸੇ ਨੂੰ ਹੀ ਮੇਹਰ ਦਾ ਸਮੁੰਦਰ ਸਮਝ ਕੇ ਮੰਨਿਆ ਹੈ।

ਹੇ ਮੂਰਖ ! ਤੂੰ ਜਗਤ ਦੇ ਧੰਦਿਆਂ ਵਿਚ ਹੀ ਉਮਰ ਬਿਤਾ ਦਿੱਤੀ ਹੈ। ਉਸ ਕ੍ਰਿਪਾਲੂ ਵਾਹਿਗੁਰੂ ਨੂੰ ਹਿਰਦੇ ਵਿਚ ਨਹੀਂ ਸਿਮਰਿਆ। ਹੇ ਨਿਲੱਜ ! ਤੂੰ ਅਸਲੀ ਸਿਮਰਨ ਛੱਡ ਦਿੱਤਾ ਤੇ ਮਾੜੇ ਕੰਮਾਂ ਨੇ ਤੇਰਾ ਕੁਝ ਨਹੀਂ ਸਵਾਰਿਆ। ਤੇਰੇ ਲਈ ਵਡੇ ਹਾਥੀ ਤੇ ਘੋੜੇ ਬਣੇ ਸਨ ਪਰ ਤੂੰ ਖੋਤੇ ਚੜ੍ਹਨਾ ਹੀ ਸਿੱਖੀ ਰਖਿਆ ਤੇ ਕਾਮਯਾਬੀ ਪ੍ਰਾਪਤ ਨਾ ਕਰ ਸਕਿਆ। ਹੇ ਮੂਰਖ ! ਤੂੰ ਵਾਹਿਗੁਰੂ ਨੂੰ ਨਹੀਂ ਸਿਮਰਿਆ ਤੇ ਲਾਜ ਹੀ ਲਾਜ ਵਿਚ ਹੀ ਆਪਣਾ ਕੰਮ ਵਿਗਾੜ ਲਿਆ।

ਤੂੰ ਬੇਦ ਤੇ ਕਤੇਬ ਬਹੁਤੇ ਦਿਨ ਪੜ੍ਹਦਾ ਰਿਹੋਂ ਪਰ ਇਹਨਾਂ ਦਾ ਕੋਈ ਭੇਦ



Digitized by Panjab Digital Library | www.panjabdigilib.org

ਨਹੀਂ ਪਾਇਆ। ਥਾਵਾਂ ਵੀ ਅਨੇਕ ਪੂਜਦਾ ਫਿਰਿਓਂ ਪਰ ਅਕਾਲ ਪੁਰਖ ਨੂੰ ਕਦੇ ਹਿਰਦੇ ਵਿਚ ਨਹੀਂ ਵਸਾਇਆ। ਪੱਥਰਾਂ ਤੇ ਦੇਹੁਰਿਆਂ ਨੂੰ ਵੀ ਸਿਰ ਨਿਵਾਉਂਦਾ ਫਿਰਿਆ। ਪਰ ਤੇਰੇ ਹੱਥ ਕੁਝ ਨਹੀਂ ਆਇਆ। ਹੇ ਮੂਰਖ ਮਨ ਵਾਲੇ! ਪ੍ਰਗਟ ਪ੍ਰਭੂ ਨੂੰ ਛੱਡ ਕੇ ਹੂੜ ਮੱਤ ਵਿਚ ਫਸਿਆ ਰਿਹਾ।

ਜੋ ਜੋਗੀਆਂ ਦੇ ਆਸ਼ਰਮ ਉੱਠ ਕੇ ਚਲਾ ਜਾਂਦਾ ਹੈ। ਜੋਗੀ ਉਸ ਨੂੰ ਗੋਰਖ ਗੋਰਖ ਹੀ ਜਪਾਉਂਦੇ ਹਨ। ਜੋ ਸੰਨਿਆਸੀਆਂ ਦੇ ਚਲਾ ਜਾਵੇ ਤਦ ਉਹ ਉਸ ਨੂੰ ਕਹਿੰਦੇ ਹਨ ਕਿ ਸਤ ਹੀ ਸਤਿ ਹੈ; ਜੇ ਕੋਈ ਤੁਰਕਾਂ ਵਿਚ ਜਾਵੇ ਉਸ ਨੂੰ ਮੁਹੰਮਦ ਦੇ ਦੀਨ ਵਿਚ ਹੀ ਖਿੱਚ ਲੈਂਦੇ ਹਨ। ਸਭ ਆਪੋ ਆਪਣੇ ਵਿਚ ਕਰਤਾਰ ਗਿਣਦੇ ਹਨ। ਪਰ ਕਰਤਾਰ ਦੀ ਪ੍ਰਾਪਤੀ ਦਾ ਭੇਦ ਕੋਈ ਨਹੀਂ ਦੱਸਦਾ।

ਜੇ ਕੋਈ ਜੋਗੀਆਂ ਦੇ ਜਾਏ ਤਾਂ ਉਹ ਕਹਿੰਦੇ ਹਨ ਕਿ ਸਾਰਾ ਧਨ ਮਾਲ ਜੋਗੀਆਂ ਨੂੰ ਦਾਨ ਕਰ ਦੇ। ਜੇ ਭਜਕੇ ਸੰਨਿਆਸੀਆਂ ਦੇ ਚਰਨੀਂ ਜਾ ਪਈਏ ਤਾਂ ਉਹ ਕਹਿੰਦੇ ਹਨ ਕਿ ਦੱਤ ਦੇ ਨਾਮ ਪਰ ਆਪਣਾ ਘਰ-ਬਾਰ ਲੁਟਾ ਦੇ। ਜੇ ਕੋਈ ਮਸੰਦਾਂ ਨਾਲ ਜਾ ਮਿਲੇ ਤਦ ਉਹ ਕਹਿੰਦੇ ਹਨ ਕਿ ਸਾਰਾ ਧਨ ਅਸਾਨੂੰ ਹੀ ਦੇ ਦੇ। ਸਭ 'ਲਵਾਂ' ਹੀ 'ਲਵਾਂ' ਕਹਿੰਦੇ ਹਨ। ਸਾਨੂੰ ਅਜਿਹਾ ਕੋਈ ਨਹੀਂ ਦਿਸਦਾ ਜੋ ਬ੍ਰਹਮ ਬਾਰੇ ਸੋਝੀ ਦੇ ਸਕੇ।

ਜੇਕਰ ਕੋਈ ਮਸੰਦਾਂ ਦੀ ਸੇਵਾ ਕਰੇ ਤਾਂ ਉਹ ਕਹਿੰਦੇ ਹਨ ਕਿ ਸਭ ਕੁਝ ਲਿਆ ਕੇ ਮੇਰੇ ਅੱਗੇ ਪ੍ਰਸ਼ਾਦ ਧਰ ਦੇਹ।......

ਜੋ ਕੁਝ ਮਾਲ ਮਤਾਬ ਤੇਰੇ ਘਰ ਹੈ ਹੁਣੇ ਹੀ ਸਾਡੀ ਭੇਟਾ ਕਰ ਦੇ। ਦਿਨ ਰਾਤ ਮੇਰਾ ਹੀ ਧਿਆਨ ਧਰ ਤੇ ਭੁੱਲ ਕੇ ਵੀ ਕਿਸੇ ਹੋਰ ਦਾ ਨਾਮ ਨਾਂ ਵੀਂ ਜੇ ਕਿਸੇ ਥਾਂ ਕੁਝ ਦੇਣਾ ਪਵੇ ਤਦ ਦੇਣ ਦਾ ਨ ਸੁਣ ਕੇ ਰਾਤੀਂ ਹੀ ਭਜ ਜਾਣਗੇ ਤੇ ਲੀਤੇ ਬਿਨਾਂ ਰਤਾ ਵੀ ਪ੍ਰਸੰਨ ਨਹੀਂ ਹੋਣਗੇ।

ਮਸੰਦ ਅੱਖਾਂ ਵਿਚ ਤੇਲ ਪਾ ਕੇ ਲੋਗਾਂ ਨੂੰ ਅੱਥਰੂ ਕੇਰ ਕੇਰ ਕੇ ਵਿਖਾਉਂਦਾ ਹੈ। ਜੋ ਧਨਵਾਨ ਹੈ, ਉਸ ਨੂੰ ਇਹ ਆਪਣਾ ਸੇਵਕ ਸਮਝਦਾ ਹੈ ਤੇ ਉਸ ਨੂੰ ਹੀ ਚੰਗੇ ਪ੍ਰਸ਼ਾਦ ਪਰੋਸਕੇ ਖਵਾਂਦਾ ਹੈ। ਜੇ ਕੋਈ ਗਰੀਬ ਹੈ, ਉਸ ਨੂੰ ਕੁਝ ਵੀ ਨਹੀਂ ਦਿੰਦਾ। ਜੇ ਕੋਈ ਆਤੁਰ ਹੋ ਕੇ ਮੰਗਣ ਚਲਾ ਜਾਵੇ ਤਾਂ ਉਸ ਨੂੰ ਮੂੰਹ ਹੀ ਨਹੀਂ ਵਿਖਾਉਂਦਾ। ਇਹ ਪਸ਼ੂ (ਮਸੰਦ) ਲੋਕਾਂ ਨੂੰ ਲੁੱਟ ਰਿਹਾ ਹੈ ਪਰ ਪਰਮੇਸ਼ੁਰ ਦੇ ਗੁਣ ਕਦੀ ਨਹੀਂ ਗਾਉਂਦਾ



Digitized by Panjab Digital Library | www.panjabdigilib.org

(ਜੋ ਕਿ ਉਸ ਦੇ ਪ੍ਰਚਾਰ ਦਾ ਅਸਲ ਕੰਮ ਸੀ)।

ਪਖੰਡੀ ਪ੍ਰਚਾਰਕ ਤੇ ਧਰਮ ਦੇ ਮੁਖੀਆਂ ਬਾਬਤ ਦਸਦੇ ਹਨ ਕਿ ਅੱਖਾਂ ਮੀਟ ਕੇ ਬਗਲੇ ਵਾਂਗ ਲੋਕਾਂ ਨੂੰ ਇਕ ਢੌਂਗ ਦਿਖਾ ਰਿਹਾ ਹੈ। ਸ਼ਿਕਾਰੀ ਵਾਂਗੂ ਸਿਰ ਨਿਵਾਉਂਦਾ ਫਿਰਦਾ ਹੈ ਤੇ ਐਸਾ ਧਿਆਨ ਲਾ ਕੇ ਬੈਠਦਾ ਹੈ (ਕਿ) ਬਿੱਲਾ ਵੀ (ਚੂਹੇ ਦੀ ਤਾਕ ਵਿਚ ਅਹਿੱਲ ਬੈਠਦਾ ਹੈ ਉਹ ਵੀ) ਤੇਰੇ ਧਿਆਨ ਨੂੰ ਤਕ ਕੇ ਸ਼ਰਮਾਂ ਜਾਵੇ। ਜਿਥੇ ਧਨ ਦੀ ਆਸ ਹੋਵੇ ਉਥੇ ਪਿੱਛੇ ਭੱਜਾ ਫਿਰਦਾ ਹੈ। ਉਸ ਦਾ ਇਹ ਲੋਕ ਵੀ ਗੁਆਚਾ ਸੀ ਪਰਲੋਕ ਵੀ ਗੁਆ ਲਿਆ! ਹੇ ਮੂਰਖ! ਤੂੰ ਵਾਹਿਗੁਰੂ ਨੂੰ ਨਾ ਸਿਮਰਿਆ ਤੇ ਘਰ ਦੇ ਕੰਮਾਂ ਵਿਚ ਹੀ ਉਲਝਿਆ ਰਿਹੋਂ, ਤਦ ਲੋਕ ਪ੍ਰਲੋਕ ਕਿਸ ਤਰ੍ਹਾਂ ਤੇਰਾ ਕੁਝ ਸਵਾਰੇਗਾ।

ਇਹਨਾਂ ਲੋਕਾਂ ਨੂੰ ਨਿਕੰਮੇ ਕਰਮ ਹੀ ਦ੍ਰਿੜ੍ਹ ਕਰਾ ਰਿਹਾ ਹੈਂ। ਇਨ੍ਹਾਂ ਦੇ ਕੋਈ ਕੰਮ ਨਹੀਂ ਆਵੇਗਾ। ਧਨ ਵਾਸਤੇ ਕਿਉਂ ਭੱਜਾ ਫਿਰਦਾ ਹੈਂ। ਜਦ ਜਮਦੂਤ ਆ ਗਏ ਤਦ ਉਹਨਾਂ ਤੋਂ ਕਿਤੇ ਨਹੀਂ ਭਜ ਸਕੇਂਗਾ। ਪੁਤ੍ਰ, ਇਸਤਰੀ, ਮਿਤ੍ਰ ਤੇ ਸਿੱਖ ਸਖਾ ਕੋਈ ਵੀ ਤੇਰਾ ਸਾਥ ਨਹੀਂ ਦੇਵੇਗਾ। ਹੇ ਸੁੱਤੇ ਹੋਏ ਮਹਾਂ ਮੂਰਖ! ਸਿਮਰ ਲੈ, ਸਿਮਰ ਲੈ, ਅੰਤ ਵੇਲੇ ਤੂੰ ਇਕੱਲਾ ਹੀ ਜਾਵੇਂਗਾ।

ਅੰਤਲਾ ਸਵੈਯਾ ॥

ਜੋ ਤਨ ਤਯਾਗਤ ਹੀ ਸੁਨ ਰੇ ਜੜ ਪ੍ਰੇਤ ਬਖਾਨ ਤ੍ਰਿਯਾ ਭਜਿ ਜੈਹੈ ॥
ਪੁਤ੍ਰ ਕਲਤ੍ਰ ਸੁ ਮਿਤ੍ਰ ਸਖਾ ਇਹ ਬੇਗ ਨਿਕਾਰਹੁ ਆਇਸੁ ਦੈਹੈ ॥
ਭਉਨ ਭੰਡਾਰ ਧਰਾ ਗੜ ਜੇਤਕ ਛਾਡਤ ਪ੍ਰਾਨ ਬਿਗਾਨ ਕਹੈਹੈ ॥
ਚੇਤ ਰੇ ਚੇਤ ਅਚੇਤ ਮਹਾ ਪਸੁ ਅੰਤ ਕੀ ਬਾਰ ਅਕੇਲੋ ਈ ਜੈਹੈ ॥ ੩੩ ॥

ਇਹ ਬੀਰ-ਰਸ ਤੇ ਵੈਰਾਗ ਦਾ ਸੁਮੇਲ ਹੈ।

## ਅੰਤਮ ਬੇਨਤੀ

ਇਕ ਪੁਰਾਣੀ ਗਲ ਯਾਦ ਆਈ ਵੀ ਲਿਖਦਾ ਹਾਂ। ਮੈਂ ਸ੍ਰੀ ਗੁਰੂ ਸਿੰਘ ਸਭਾ ਆਗਰਾ ਦਾ 1907 ਤੋਂ 1911 ਤਕ ਸਾਢੇ ਤਿੰਨ ਸਾਲ ਸਕੱਤਰ ਰਿਹਾ ਹਾਂ। ਉਸ ਵਕਤ ਸਿੰਘ ਸਭਾ ਵਲੋਂ ਦੋ ਜਗ੍ਹਾ ਤੇ ਦੋ ਪੰਜਾਬੀ ਸਕੂਲ ਚਲਦੇ ਸਨ। ਇਕ ਗੁਰਦੁਆਰਾ ਮਾਈ ਥਾਨ ਵਿਚ ਤੇ ਇਕ ਖਟੀਕਾਂ ਦੀ ਬਸਤੀ ਵਿਚ। ਉਥੇ ਕਿਤਾਬਾਂ ਤੇ ਹੋਰ ਚੀਜ਼ਾਂ ਸਿੰਘ ਸਭਾ ਲਈ ਲੋੜੀਂਦੀਆਂ ਹੁੰਦੀਆਂ ਸਨ, ਉਹ ਸਾਰੀਆਂ ਤੇ ਕੰਘੇ-ਕੜੇ ਆਦਿ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮੰਗਵਾਏ ਜਾਂਦੇ ਸਨ। ਇਹ ਸਾਰਾ ਕੁਝ ਚੀਫ ਖਾਲਸਾ



Digitized by Panjab Digital Library | www.panjabdigilib.org

ਦੀਵਾਨ ਵਿਚ ਕੰਮ ਕਰ ਰਹੇ ਇਕ ਕਲਰਕ ਭਾਈ ਤਾਰਾ ਸਿੰਘ ਜੀ ਦੀ ਮਾਰਫਤ ਮੰਗਵਾਇਆ ਜਾਂਦਾ ਸੀ। 1909 ਦੇ ਅਖੀਰ ਜਾਂ 1910 ਦੇ ਸ਼ੁਰੂ ਵਿਚ ਮੈਂ ਭਾਈ ਤਾਰਾ ਸਿੰਘ ਨੂੰ ਚਿੱਠੀ ਲਿਖੀ ਕਿ ਕੁਝ ਬਾਣੀਆਂ ਦੇ ਗੁਟਕੇ ਤਿਆਰ ਕਰਵਾਏ ਜਾਣ, ਜਿਨ੍ਹਾਂ ਦੇ ਵਿਚ ਜਪੁਜੀ, ਜਾਪੁ ਸਾਹਿਬ, 20 ਸਵੱਈਏ, ਰਹਰਾਸਿ ਸਾਹਿਬ, ਕੀਰਤਨ ਸੋਹਿਲਾ, ਆਸਾ ਦੀ ਵਾਰ ਤੇ ਸੁਖਮਨੀ ਆਦਿ ਹੋਵੇ। ਅਤੇ 33 ਸਵੱਈਏ ਵੀ ਸ਼ਾਮਲ ਕੀਤੇ ਜਾਣ। ਜੇਕਰ ਛਪਿਆ ਗੁਟਕਾ ਮਿਲ ਜਾਵੇ ਉਹ ਲਿਖਾ ਦੇਵੇ ਨਹੀਂ ਤਾਂ ਉਸੇ ਸਾਈਜ਼ ਦੇ ਹਥ ਲਿਖਤ ਪਾ ਦੇਵੇ।

ਜਦ ਮੈਂ ਮਾਰਚ ਦੇ ਅਖੀਰ ਵਿਚ Educational Conference ਤੇ ਜੋ ਸਾਲ Khalsa College ਸ੍ਰੀ ਅਮ੍ਰਿਤਸਰ ਵਿਚ ਸੀ ਦਰਸ਼ਨ ਕਰਨ ਦੇ ਲਈ ਗਿਆ। ਤਦ ਉਥੇ ਭਾਈ ਤਾਰਾ ਸਿੰਘ ਨੇ ਵੀ ਇਕ Book Seall ਲਗਾਇਆ ਸੀ ਉਸ ਨੇ ਉਹ ਗੁਟਕਾ ਮੈਨੂੰ ਦਿੱਤਾ ਤੇ ਮੇਰੇ ਜ਼ੋਰ ਪਾਉਣ ਤੇ ਵੀ ਕੀਮਤ ਨਹੀਂ ਲਈ ਸੀ।

ਉਸ ਵੇਲੇ ਇਹ ਗੁਟਕੇ ਅਖਬਾਰੀ ਕਾਗਜ਼ਾਂ ਤੇ ਹੀ ਛਪਦੇ ਸਨ ਤੇ ਕੀਮਤ ਵੀ ਮਾਮੂਲੀ ਕੁਝ ਪੈਸੇ ਹੀ ਹੁੰਦੀ ਸੀ। ਮੈਂ ਭਾਈ ਤਾਰਾ ਸਿੰਘ ਨੂੰ ਕਿਹਾ ਕਿ ਈਸਾਈ ਆਪਣੀਆਂ ਧਾਰਮਕ ਪੁਸਤਕਾਂ ਬੜੀਆਂ ਸੋਹਣੀਆਂ ਚੰਗੇ ਕਾਗਜ਼ ਤੇ ਛਾਪਦੇ ਹਨ ਤੇ ਸਾਡੇ ਗੁਟਕੇ ਮਾਮੂਲੀ ਕਾਗਜ਼ ਤੇ ਛਪੇ ਹਨ। ਕਿਉਂ ਨਹੀਂ ਇਸ ਤਰ੍ਹਾਂ ਦੇ ਗੁਟਕੇ ਚੰਗੇ ਕਾਗਜ਼ ਤੇ ਛਾਪੇ ਜਾਣ। ਉਹਨਾਂ ਦਾ ਖਿਆਲ ਸੀ ਕਿ ਸ਼ਾਇਦ ਗਾਹਕ ਵਧੀਆ ਗੁਟਕਿਆਂ ਦੀ ਜ਼ਿਆਦਾ ਕੀਮਤ ਨਾਹ ਦੇਣ। ਮੈਂ ਉਹਨਾਂ ਨੂੰ ਉਤਸ਼ਾਹ ਦਿੱਤਾ ਕਿ ਜ਼ਰੂਰ ਉੱਦਮ ਕਰਕੇ ਵਧੀਆ ਗੁਟਕੇ ਛਾਪੋ ਤੇ ਮੈਂ ਘੱਟ ਤੋਂ ਘੱਟ 250 ਗੁਟਕੇ ਵੇਚਣ ਦਾ ਜ਼ਿੰਮੇਵਾਰ ਹੋਵਾਂਗਾ। ਸੋ ਉਹਨਾਂ ਨੇ ਹਿੰਮਤ ਕੀਤੀ ਤੇ ਵਧੀਆ ਕਾਗਜ਼ ਤੇ ਲਾਲ ਵੇਲ ਲਗਾਕੇ ਸਭ ਤੋਂ ਪਹਿਲਾਂ ਸੁੰਦਰ ਗੁਟਕਾ ਉਹਨਾਂ ਨੇ ਛਾਪਿਆ ਤੇ ਉਸ ਵਿਚ ਉਹੀ ਬਾਣੀਆਂ ਸਨ—33 ਸਵੱਈਆਂ ਸਮੇਤ। ਉਹਨਾਂ ਨੇ ਇਸ ਦੀ ਕੀਮਤ ਇਕ ਰੁਪਿਆ ਰੱਖੀ ਜੋ ਉਸ ਵਕਤ ਦੇ ਭਾਅ ਮੁਤਾਬਕ ਕਾਫੀ ਵੱਧ ਸੀ। ਉਹਨਾਂ ਨੇ ਕਾਫੀ ਗੁਟਕੇ ਵੇਚੇ। ਸਿੰਘ ਸਭਾ ਆਗਰਾ ਦਾ ਸਲਾਨਾ ਦੀਵਾਨ ਨਵੰਬਰ ਵਿਚ ਹੁੰਦਾ ਸੀ ਤੇ ਵਿਚ ਡਾਕਟਰ ਭਾਈ ਜੋਧ ਸਿੰਘ, ਭਾਈ ਤੇਜਾ ਸਿੰਘ ਮਾਂਟਗ, ਸ: ਸੰਤੋਖ ਸਿੰਘ ਪੋਲੀਸ ਟਰੇਨਿੰਗ ਸਕੂਲ ਵਾਲਾ ਤੇ ਹੋਰ ਉਪਦੇਸ਼ਕ ਦਰਸ਼ਨ ਦਿੰਦੇ ਸਨ। ਸ: ਹਰਬੰਸ ਸਿੰਘ ਅਟਾਰੀ ਵਾਲੇ ਤਾਂ ਆਗਰਾ ਸਿੰਘ ਸਭਾ ਦੇ ਮੈਂਬਰ ਬਣ ਗਏ ਸਨ ਤੇ ਹਰ ਸਾਲ ਕਥਾ ਕਰਦੇ ਸਨ।



Digitized by Panjab Digital Library | www.panjabdigilib.org

ਉਸ ਵੇਲੇ ਉਹ ਖਾਲਸਾ ਕਾਲਜ ਵਿਚ Professor of Divinty ਸਨ। ਫਿਰ ਪ੍ਰਿੰਸੀਪਲ ਬਣੇ ਤੇ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ vice chaneler ਬਣੇ ਤੇ ਉਹਨਾਂ ਨੂੰ ਡਾਕਟਰ ਦੀ ਭੇਟਾ ਵੀ ਕੀਤੀ ਗਈ।

ਉਸ ਸਾਲ ਪੰਡਤ ਜੀਵਨ ਮੁਕਤ ਜੰਮੂ ਵਾਲੇ ਵੀ ਆਏ ਸਨ ਤੇ ਮੈਂ ਸਭ ਨੂੰ ਸੁੰਦਰ ਗੁਟਕੇ ਦੇ ਪ੍ਰਚਾਰ ਵਾਸਤੇ ਬੇਨਤੀ ਕੀਤੀ। ਪੰਡਤ ਜੀਵਨ ਮੁਕਤ ਨੇ ਤਾਂ ਕਹਿ ਦਿੱਤਾ ਕਿ 200 ਗੁਟਕੇ ਮੈਨੂੰ ਭੇਜ ਦੇਵੋ। ਮੇਰਾ ਖਿਆਲ ਹੈ ਕਿ ਮੈਂ ਵੀ 400 ਗੁਟਕੇ ਵੇਚਣ ਦੀ ਮਦਦ ਦਿੱਤੀ। ਭਾਈ ਤਾਰਾ ਸਿੰਘ ਨੇ ਚੀਫ ਖਾਲਸਾ ਦੀਵਾਨ ਦੀ ਕਲਟਕੀ ਛੱਠਕੇ ਬਜ਼ਾਰ ਮਾਈ ਸੇਵਾਂ ਵਿਚ ਦੁਕਾਨ ਖੋਲ੍ਹ ਲਈ ਤੇ ਹੋਰ ਗੁਟਕੇ ਵੀ ਛਾਪੇ।

ਉਸ ਤੋਂ ਬਾਦ ਭਾਈ ਧਨੀਰਾਮ ਚਾਤ੍ਰਿਕ ਨੇ ਆਪਣੇ ਪ੍ਰੈਸ ਵਿਚ ਇਕ 'ਨਿਤਨੇਮ' ਦਾ 1945 ਵਿਚ ਛਾਪਿਆ ਜਿਸ ਵਿਚ ਜਪੁਜੀ, ਸ਼ਬਦ ਹਜ਼ਾਰੇ, ਜਾਪੁ ਸਾਹਿਬ, ਸ਼ਬਦ ਪਾਤਸ਼ਾਹੀ 10, 20 ਸਵੱਈਏ ਤੇ 33 ਸਵੱਈਏ, ਆਸਾ ਦੀ ਵਾਰ, ਸ੍ਰੀ ਰਹਰਾਸਿ ਸਾਹਿਬ, ਕੀਰਤਨ ਸੋਹਿਲਾ ਤੇ ਕੀਮਤ ਜਿਲਦ ਸਮੇਤ ਪੰਜ ਜਾਂ ਛੇ ਆਨੇ ਸੀ ਹੋਰ ਕਿਸੇ ਨਿਤਨੇਮ ਦੇ ਗੁਟਕੇ ਵਿਚ 33 ਸਵੱਈਏ ਨਹੀਂ ਦੇਖੇ।

ਚੰਗਾ ਹੋਵੇ ਜੇਕਰ ਹੋਰ ਸੁੰਦਰ ਗੁਟਕਿਆਂ ਵਿਚ 33 ਸਵੱਈਏ ਛਾਪੇ ਜਾਣ।

ਸਮਾਪਤ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1476

Digitized by Panjab Digital Library | www.panjabdigilib.org

Digitized by Panjab Digital Library | www.panjabdigilib.org